Designer & Customized
WEDDING
CARDS & BOXES
Shagun Envelopes & Saha Chithi
More Than 500 Designs
of Wedding Cards & Boxes
More info Call us or Whatsapp:
+91-988881 88887, 988882 88887
weddingsea@gmail.com
SEA DESIGN COMPANY

ਰੋਜ਼ਾਨਾ
# ਸ਼ਹੀਦ-ਏ-ਆਜ਼ਮ
SHAHEED-E-AZAM, DAILY PUNJABI NEWSPAPER, PATIALA
ਰੋਜ਼ਾਨਾ ਪੰਜਾਬੀ ਅਖ਼ਬਾਰ, ਪਟਿਆਲਾ

Shaheed-e-Azam
PRINTING PRESS
Customized and Designer
- Wedding Invitations
- Wedding Boxes
(MDF/Acrylic/Folding)
- Shagan Envelop
- Sahi Chithi
98881-88887

PRGI (RNI) Regd. No. 42354 | Website : www.shaheedeazamnews.com | e-mail:seanewspatiala@gmail.com | Tel.: 0175-5124275, 9814632807 | Facebook: ShaheedeAzamnews | Youtube: @ShaheedeAzamnews

Year: 43 Issue : 64 Chief Editor : Chowdhary Prabhjit Singh, Editor : Chhatarpal Singh 98146-32807, Saturday 22 August 2026 Price : 2 Rs. Page : 6

# ਪੰਜਾਬ ਬੰਦ ਦੇ ਸੱਦੇ ’ਤੇ ਬਾਜ਼ਾਰਾਂ ਦੇ ਸ਼ਟਰ ਡਾਊਨ ਤੇ ਬੱਸ ਸੇਵਾ ਠੱਪ

## ਬੰਦੀ ਸਿੰਘਾਂ ਦੀ ਰਿਹਾਈ ਲਈ ਦਿੱਤਾ ‘ਪੰਜਾਬ ਬੰਦ’ ਦਾ ਸੱਦਾ ਸਫ਼ਲਤਾਪੂਰਵਕ ਸਮਾਪਤ

**ਚੰਡੀਗੜ੍ਹ, 21 ਅਗਸਤ**
**-ਜੀ. ਐਸ. ਤੁੰਗ-**

ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਸਿੱਖ ਜਥੇਬੰਦੀਆਂ ਵੱਲੋਂ ਦਿੱਤਾ ਗਿਆ ‘ਪੰਜਾਬ ਬੰਦ’ ਦਾ ਸੱਦਾ ਸਫ਼ਲਤਾਪੂਰਵਕ ਸਮਾਪਤ ਹੋ ਗਿਆ ਹੈ। ਬੰਦ ਦੀ ਕਾਲ ਦੁਪਹਿਰ 2 ਵਜੇ ਤੱਕ ਦਿੱਤੀ ਗਈ ਸੀ, ਜਿਸ ਤੋਂ ਬਾਅਦ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਜਨਜੀਵਨ ਅਤੇ ਆਵਾਜਾਈ ਮੁੜ ਆਮ ਵਾਂਗ ਸ਼ੁਰੂ ਹੋ ਗਈ।

ਬੰਦੀ ਸਿੰਘਾਂ ਦੀ ਰਿਹਾਈ ਅਤੇ ਉਨ੍ਹਾਂ ਨਾਲ ਜੁੜੇ ਮਾਮਲਿਆਂ ਵੱਲ ਸਰਕਾਰ ਦਾ ਧਿਆਨ ਖਿੱਚਣ ਲਈ ਸਿੱਖ ਜਥੇਬੰਦੀਆਂ ਵੱਲੋਂ ਵੱਡੇ ਪੱਧਰ ’ਤੇ ਪ੍ਰਦਰਸ਼ਨ ਅਤੇ ਰੋਸ ਮੁਜ਼ਾਹਰੇ ਕੀਤੇ ਗਏ। ਪੰਜਾਬ ਬੰਦ ਦੌਰਾਨ ਵੱਖ-ਵੱਖ ਥਾਵਾਂ ’ਤੇ ਸਿੱਖ ਸੰਗਤਾਂ ਅਤੇ ਜਥੇਬੰਦੀਆਂ ਦੇ ਕਾਰਕੁਨ ਇਕੱਠੇ ਹੋਏ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਆਪਣੀ ਆਵਾਜ਼ ਬੁਲੰਦ ਕੀਤੀ।

ਸਵੇਰ ਤੋਂ ਹੀ ਪੰਜਾਬ ਦੇ ਕਈ ਸ਼ਹਿਰਾਂ ਅਤੇ ਕਸਬਿਆਂ ਵਿੱਚ ਬੰਦ ਦਾ ਪ੍ਰਭਾਵ ਦੇਖਣ ਨੂੰ ਮਿਲਿਆ। ਕਈ ਥਾਵਾਂ ’ਤੇ ਦੁਕਾਨਾਂ ਅਤੇ ਵਪਾਰਕ ਅਦਾਰੇ ਬੰਦ ਰਹੇ, ਜਦਕਿ ਸਿੱਖ ਜਥੇਬੰਦੀਆਂ ਨਾਲ ਜੁੜੇ ਲੋਕਾਂ ਵੱਲੋਂ ਪ੍ਰਦਰਸ਼ਨ ਕਰਕੇ ਸਰਕਾਰ ਤੋਂ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਗਈ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਜਿਨ੍ਹਾਂ ਬੰਦੀ ਸਿੰਘਾਂ ਨੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ, ਉਨ੍ਹਾਂ ਦੀ ਰਿਹਾਈ ਲਈ ਸਰਕਾਰਾਂ ਨੂੰ ਠੋਸ ਕਦਮ ਚੁੱਕਣੇ ਚਾਹੀਦੇ ਹਨ।

ਪੰਜਾਬ ਬੰਦ ਦੇ ਸੱਦੇ ਦੌਰਾਨ ਵੱਖ-ਵੱਖ ਥਾਵਾਂ ’ਤੇ ਆਵਾਜਾਈ ਵੀ ਪ੍ਰਭਾਵਿਤ ਰਹੀ। ਬੰਦ ਦੇ ਸਮਰਥਨ ਵਿੱਚ ਕਈ ਸਥਾਨਾਂ ’ਤੇ ਸੜਕਾਂ ’ਤੇ ਇਕੱਠ ਅਤੇ ਰੋਸ ਪ੍ਰਦਰਸ਼ਨ ਕੀਤੇ ਗਏ।



ਇਸ ਕਾਰਨ ਕੁਝ ਰੂਟਾਂ ’ਤੇ ਆਵਾਜਾਈ ਨੂੰ ਰੋਕਿਆ ਜਾਂ ਪ੍ਰਭਾਵਿਤ ਕੀਤਾ ਗਿਆ। ਹਾਲਾਂਕਿ ਦੁਪਹਿਰ 2 ਵਜੇ ਤੱਕ ਦਿੱਤੀ ਗਈ ਬੰਦ ਦੀ ਕਾਲ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਸਥਿਤੀ ਮੁੜ ਆਮ ਹੋਣ ਲੱਗੀ।

ਦੁਪਹਿਰ 2 ਵਜੇ ਬੰਦ ਦੀ ਕਾਲ ਸਮਾਪਤ ਹੋਣ ਉਪਰੰਤ ਸਿੱਖ ਜਥੇਬੰਦੀਆਂ ਵੱਲੋਂ ਆਪਣੇ ਪ੍ਰਦਰਸ਼ਨ ਖਤਮ ਕਰ ਦਿੱਤੇ ਗਏ ਅਤੇ ਸੜਕਾਂ ’ਤੇ ਆਵਾਜਾਈ ਵੀ ਮੁੜ ਚਾਲੂ ਹੋ ਗਈ। ਬਾਜ਼ਾਰਾਂ ਅਤੇ ਹੋਰ ਵਪਾਰਕ ਅਦਾਰਿਆਂ ਦੇ ਵੀ ਹੌਲੀ-ਹੌਲੀ ਖੁੱਲ੍ਹਣ ਨਾਲ ਜਨਜੀਵਨ ਆਮ ਵਾਂਗ ਪਰਤ ਆਇਆ।

ਇਸ ਤਰ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਦਿੱਤਾ ਗਿਆ ਪੰਜਾਬ ਬੰਦ ਦਾ ਸੱਦਾ ਦੁਪਹਿਰ 2 ਵਜੇ ਸਫ਼ਲਤਾਪੂਰਵਕ ਸਮਾਪਤ ਹੋ ਗਿਆ। ਇਸ ਦੌਰਾਨ ਸਿੱਖ ਜਥੇਬੰਦੀਆਂ ਨੇ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ ਨੂੰ ਲੈ ਕੇ ਆਪਣੀ ਮੰਗ ਸਰਕਾਰ ਤੱਕ ਪਹੁੰਚਾਈ ਅਤੇ ਇਸ ਮਾਮਲੇ ’ਤੇ ਤੁਰੰਤ ਕਾਰਵਾਈ ਦੀ ਮੰਗ ਕੀਤੀ।

ਪਟਿਆਲਾ ਦੇ ਪੁਲੀਸ ਕਪਤਾਨ ਮੋਹਿਤ ਅਗਰਵਾਲ ਨੇ ਕਿਹਾ ਹੈ ਕਿ ਚਿੰਤਾ ਦੀ ਕੋਈ ਗੱਲ ਨਹੀਂ ਹੈ ਅਤੇ ਬੰਦ ਕਾਫ਼ੀ ਹੱਦ ਤੱਕ ਸ਼ਾਂਤ ਰਿਹਾ ਹੈ। ਸਰਕਾਰੀ ਸਕੂਲ ਸਵੇਰੇ ਆਪਣੇ ਤੈਅ ਸਮੇਂ ’ਤੇ ਖੁੱਲ੍ਹ ਗਏ ਹਨ, ਜਦਕਿ ਨਿੱਜੀ ਸਕੂਲ ਬੰਦ ਰਹੇ। ਹਾਲਾਂਕਿ, ਮੋਹਾਲੀ ਅਤੇ ਚੰਡੀਗੜ੍ਹ ਵਿੱਚ ਜ਼ਿਆਦਾਤਰ ਵਪਾਰਕ ਅਦਾਰਿਆਂ ਨੇ ਵਧਦੇ ਤਣਾਅ ਦਾ ਹਵਾਲਾ ਦਿੰਦਿਆਂ ਦੁਪਹਿਰ ਤੱਕ ਆਪਣੇ ਅਦਾਰੇ ਬੰਦ ਰੱਖਣ ਦਾ ਫ਼ੈਸਲਾ ਕੀਤਾ ਸੀ।

ਜ਼ਿਕਰਯੋਗ ਹੈ ਕਿ ਕੌਮੀ ਇਨਸਾਫ਼ ਮੋਰਚਾ ਨੇ ਪੁਲੀਸ ਕਾਰਵਾਈ, ਆਪਣੇ ਮੈਂਬਰਾਂ ਵਿਰੁੱਧ ਦਰਜ ਐੱਫ ਆਈ ਆਰ ਅਤੇ ਬੰਦੀ ਸਿੰਘਾਂ ਦੀ ਲਗਾਤਾਰ ਨਜ਼ਰਬੰਦੀ ਦੇ ਵਿਰੋਧ ਵਿੱਚ ਅੱਜ ਨੂੰ ‘ਪੰਜਾਬ ਬੰਦ’ ਦਾ ਸੱਦਾ ਦਿੱਤਾ ਸੀ। ਦਰਅਸਲ 15 ਅਗਸਤ ਨੂੰ ਚੰਡੀਗੜ੍ਹ ਪੁਲੀਸ ਨੇ ਅੱਥਰੂ ਗੈਸ, ਪਾਣੀ ਦੀਆਂ ਬੁਛਾੜਾਂ ਅਤੇ ਬੈਰੀਕੇਡਾਂ ਨਾਲ ਕੌਮੀ ਇਨਸਾਫ਼ ਮੋਰਚੇ ਦਾ ਪੰਜਾਬ ਰਾਜ ਭਵਨ ਵੱਲ ਮਾਰਚ ਰੋਕ ਦਿੱਤਾ ਸੀ ਅਤੇ ਪੁਲੀਸ ਵੱਲੋਂ ਆਗੂਆਂ ਅਤੇ ਸਮਰਥਕਾਂ ਵਿਰੁੱਧ ਕਈ ਐੱਫ ਆਈ ਆਰਜ਼ ਦਰਜ ਕੀਤੀਆਂ ਗਈਆਂ ਸਨ। ਮੋਰਚੇ ਦੀ ਮੁੱਖ ਮੰਗ ਉਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਹੈ ਜਿਨ੍ਹਾਂ ਨੇ



ਆਪਣੀਆਂ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ ਪਰ ਅਜੇ ਵੀ ਜੇਲ੍ਹ ਵਿੱਚ ਹਨ, ਇਸ ਦੇ ਨਾਲ ਹੀ ਜਗਤਾਰ ਸਿੰਘ ਹਵਾਰਾ ਲਈ ਪੈਰੋਲ ਅਤੇ ਬੇਅਦਬੀ ਤੇ ਪੁਲੀਸ ਗੋਲੀਕਾਂਡ ਦੇ ਮਾਮਲਿਆਂ ਵਿੱਚ ਇਨਸਾਫ਼ ਦੀ ਮੰਗ ਕੀਤੀ ਜਾ ਰਹੀ ਹੈ।

**ਆਵਾਜਾਈ ਰੋਕਣ ਵਾਲੇ ਕਈ ਸਿੱਖ ਆਗੂ ਪੁਲੀਸ ਨੇ ਹਿਰਾਸਤ ਵਿੱਚ ਲਏ**

ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਅੰਮ੍ਰਿਤਸਰ ਰੋਡ ਗੋਲਡਨ ਗੇਟ ’ਤੇ ਆਵਾਜਾਈ ਬੰਦ ਕਰਨ ਦਾ ਯਤਨ ਕਰ ਰਹੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਮੀਤ ਪ੍ਰਧਾਨ ਭੁਪਿੰਦਰ ਸਿੰਘ, ਮਨਪ੍ਰੀਤ ਸਿੰਘ ਮੰਨਾ, ਭਾਈ ਗਗਨਦੀਪ ਸਿੰਘ ਅਤੇ ਹਰਪ੍ਰੀਤ ਸਿੰਘ ਬੰਟੀ ਸਮੇਤ ਫੈਡਰੇਸ਼ਨ ਦੇ ਹੋਰ ਮੈਂਬਰਾਂ ਨੂੰ ਪੁਲੀਸ ਵੱਲੋਂ ਗੋਲਡਨ ਗੇਟ ਤੋਂ ਹਿਰਾਸਤ ਵਿੱਚ ਲੈ ਲਿਆ ਗਿਆ।

ਇਸ ਤੋਂ ਪਹਿਲਾਂ ਕੌਮੀ ਇਂਸਾਫ਼ ਮੋਰਚਾ ਦੇ ਪੰਜਾਬ ਬੰਦ ਦੇ ਸੱਦੇ ਨੂੰ ਦੇਖਦਿਆਂ ਅੱਜ ਪੰਜਾਬ ਭਰ ਵਿੱਚ ਸੁਰੱਖਿਆ ਵਿਵਸਥਾ ਸਖ਼ਤ ਕਰ ਦਿੱਤੀ ਗਈ ਸੀ। ਸੰਵੇਦਨਸ਼ੀਲ ਇਲਾਕਿਆਂ ਵਿੱਚ ਪੁਲੀਸ ਬਲ ਦੀ ਤਾਇਨਾਤੀ ਵਧਾ ਦਿੱਤੀ ਗਈ ਸੀ। ਇਸੇ ਸਬੰਧ ਵਿੱਚ ਚੰਡੀਗੜ੍ਹ ਵਿੱਚ ਪੰਜਾਬ ਨਾਲ ਲੱਗਦੀਆਂ ਸਰਹੱਦਾਂ ’ਤੇ ਵੀ ਪੁਲੀਸ ਵੱਲੋਂ ਵਿਸ਼ੇਸ਼ ਨਿਗਰਾਨੀ ਰੱਖੀ ਜਾ ਰਹੀ ਸੀ।

ਪੰਜਾਬ ਬੰਦ ਦੇ ਸੱਦੇ ਤਹਿਤ ਅੱਜ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਖ ਦਫ਼ਤਰ ਸਮੇਤ ਸ਼੍ਰੋਮਣੀ ਕਮੇਟੀ ਦੇ ਵਿੱਦਿਅਕ ਅਦਾਰੇ ਅਤੇ ਹੋਰ ਸੰਸਥਾਵਾਂ ਬੰਦ ਰੱਖੀਆਂ ਗਈਆਂ ਸਨ। ਕੌਮੀ ਇਨਸਾਫ਼ ਮੋਰਚੇ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਦਿੱਤੇ ਗਏ ਸੱਦੇ ’ਤੇ ਅੱਜ ਇੱਥੇ ਮੁੱਖ ਬਾਜ਼ਾਰ ਮੁਕੰਮਲ ਤੌਰ ’ਤੇ ਬੰਦ ਰਿਹਾ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਵਾਰਿਸ ਪੰਜਾਬ ਵੱਲੋਂ ਬਠਿੰਡਾ-ਜ਼ੀਰਕਪੁਰ ਨੈਸ਼ਨਲ ਹਾਈਵੇਅ ’ਤੇ ਧਰਨਾ ਦਿੱਤਾ ਗਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਵਿੰਦਰ ਸਿੰਘ ਬਲਿਆਲ, ਅਵਤਾਰ ਸਿੰਘ ਬਲਿਆਲ, ਸੁਖਵੀਰ ਸਿੰਘ ਆਲੋਅਰਖ, ਜਥੇਦਾਰ ਦਲਜੀਤ ਸਿੰਘ ਅਕਾਲੀ ਅਤੇ ਵਾਰਿਸ ਪੰਜਾਬ ਦੇ ਆਗੂ ਹਾਕਮ ਸਿੰਘ ਘਰਾਚੋਂ, ਜਗਸੀਰ ਸਿੰਘ ਘਰਾਚੋਂ (ਜ਼ਿਲ੍ਹਾ ਮੀਤ ਪ੍ਰਧਾਨ), ਹਰਵਿੰਦਰ ਸਿੰਘ ਗੱਗੀ ਝਨੇੜੀ, ਸੀਰਾ ਸਿੰਘ ਘਰਾਚੋਂ ਤੇ ਕਰਮਜੀਤ ਸਿੰਘ ਕਪਿਆਲ ਨੇ ਕਿਹਾ ਕਿ 35-35 ਸਾਲਾਂ ਦੀਆਂ ਸਜ਼ਾਵਾਂ ਕੱਟ ਚੁੱਕੇ ਬੰਦੀ ਸਿੰਘਾਂ ਨੂੰ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਰਿਹਾਅ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਇਸ ਧੱਕੇਸ਼ਾਹੀ ਖ਼ਿਲਾਫ਼ ਹੀ ਅੱਜ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਸੀ।

## ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਮਹਿਲਾ ਜੱਜਾਂ ਦੀ ਗਿਣਤੀ 19 ਹੋਈ

**ਚੰਡੀਗੜ੍ਹ, 21 ਅਗਸਤ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਇੱਕ ਸਦੀ ਤੋਂ ਵੱਧ ਪੁਰਾਣੇ ਇਤਿਹਾਸ ਵਿੱਚ ਪਹਿਲੀ ਵਾਰ ਬੈਂਚ ਵਿੱਚ ਮਹਿਲਾ ਜੱਜਾਂ ਦੀ ਗਿਣਤੀ ਵਧ ਕੇ 19 ਤੱਕ ਪਹੁੰਚ ਗਈ ਹੈ। ਕਾਰਜਕਾਰੀ ਚੀਫ਼ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਨੇ ਨੌਂ ਵਾਧੂ (ਐਡੀਸ਼ਨਲ) ਜੱਜਾਂ ਨੂੰ ਅਹੁਦੇ ਦੀ ਸਹੁੰ ਚੁਕਾਈ ਹੈ, ਜਿਨ੍ਹਾਂ ਵਿੱਚ ਤਿੰਨ ਮਹਿਲਾ ਜੱਜ ਮੋਨਿਕਾ ਛਿੱਬਰ ਸ਼ਰਮਾ, ਪੂਜਾ ਚੋਪੜਾ ਅਤੇ ਦਿਵਿਆ ਸ਼ਰਮਾ ਸ਼ਾਮਲ ਹਨ। ਸਹੁੰ ਚੁੱਕਣ ਵਾਲੇ ਹੋਰ ਜੱਜਾਂ ਵਿੱਚ ਹਰਿਆਣਾ ਦੇ ਐਡਵੋਕੇਟ-ਜਨਰਲ ਪਰਵਿੰਦਰ ਸਿੰਘ ਚੌਹਾਨ ਦੇ ਨਾਲ-ਨਾਲ ਹਰਮੀਤ ਸਿੰਘ ਦਿਓਲ, ਰਾਜੇਸ਼ ਗੌਰ, ਸੁਨੀਸ਼ ਬਿੰਦਲਿਸ਼, ਮਿੰਦਰਜੀਤ ਯਾਦਵ ਅਤੇ ਰਾਵਿੰਦਰ ਮਲਿਕ ਸ਼ਾਮਲ ਹਨ।

ਕੇਂਦਰ ਸਰਕਾਰ ਵੱਲੋਂ ਇਨ੍ਹਾਂ ਦੀ ਨਿਯੁਕਤੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ। ਹਾਈ ਕੋਰਟ ਵਿੱਚ ਹੋਏ ਸਮਾਗਮ ਦੌਰਾਨ ਮੌਜੂਦਾ ਅਤੇ ਸੇਵਾਮੁਕਤ ਜੱਜ, ਅਧਿਕਾਰੀ ਅਤੇ ਨਵੇਂ ਜੱਜਾਂ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ। ਇਸ ਤੋਂ ਪਹਿਲਾਂ ਇਸ ਹਾਈ ਕੋਰਟ ਵਿੱਚ ਸਭ ਤੋਂ ਵੱਧ 18 ਮਹਿਲਾ ਜੱਜ ਹੋਣ ਦਾ ਰਿਕਾਰਡ ਸੀ, ਜਦੋਂ ਕਿ ਇਸ ਤੋਂ ਪਹਿਲਾਂ ਇਹ ਗਿਣਤੀ 13 ਤੱਕ ਵੀ ਰਹੀ ਸੀ। ਮੌਜੂਦਾ ਸਮੇਂ ਵਿੱਚ ਬੈਂਚ ’ਤੇ ਤਾਇਨਾਤ ਹੋਰ ਮਹਿਲਾ ਜੱਜਾਂ ਵਿੱਚ ਜਸਟਿਸ ਅਲਕਾ ਸਰੀਨ, ਜਸਟਿਸ ਅਰਚਨਾ ਪੁਰੀ, ਜਸਟਿਸ ਲਪਿਤਾ ਬੈਨਰਜੀ ਅਤੇ ਹੋਰ ਕਈ ਨਾਮਵਰ ਜੱਜ ਸ਼ਾਮਲ ਹਨ।

ਬੈਂਚ ਵਿੱਚ 19 ਮਹਿਲਾ ਜੱਜਾਂ ਦੀ ਮੌਜੂਦਗੀ ਸੰਸਥਾ ਦੀ ਬਣਤਰ ਵਿੱਚ ਇੱਕ ਵੱਡਾ ਬਦਲਾਅ ਲੈ ਕੇ ਆਈ ਹੈ। ਬੈਂਚ ਵਿੱਚ ਮਹਿਲਾ ਪ੍ਰਤੀਨਿਧਤਾ ਵਧਣ ਨਾਲ ਔਰਤਾਂ, ਬੱਚਿਆਂ ਅਤੇ ਹੋਰ ਮਾਮਲਿਆਂ ਵਿੱਚ ਵਧੇਰੇ ਸੰਵੇਦਨਸ਼ੀਲ ਪਹੁੰਚ ਦੇਖਣ ਨੂੰ ਮਿਲੇਗੀ। ਇਸ ਨੂੰ ਨਿਆਂਪਾਲਿਕਾ ਵਿੱਚ ਵੱਖੋ-ਵੱਖਰੇ ਨਜ਼ਰੀਏ ਨੂੰ ਸੰਤੁਲਿਤ ਕਰਨ ਵੱਲ ਇੱਕ ਅਹਿਮ ਕਦਮ ਵਜੋਂ ਦੇਖਿਆ ਜਾ ਰਿਹਾ ਹੈ।

## ਸੁਪਰੀਮ ਕੋਰਟ ਵੱਲੋਂ ਮਾਣਹਾਨੀ ਮਾਮਲੇ ’ਤੇ ਸੁਖਬੀਰ ਬਾਦਲ ਦੀ ਪਟੀਸ਼ਨ ਖ਼ਾਰਜ

**ਨਵੀਂ ਦਿੱਲੀ, 21 ਅਗਸਤ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਦੇਸ਼ ਦੀ ਸਰਵਉੱਚ ਅਦਾਲਤ ਨੇ ਮਾਣਹਾਨੀ ਮਾਮਲੇ ਵਿਚ ਸੁਖਬੀਰ ਬਾਦਲ ਨੂੰ ਰਾਹਤ ਨਹੀਂ ਦਿੱਤੀ। ਅਦਾਲਤ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸਾਲ 2017 ਦੇ ਇੱਕ ਅਪਰਾਧਿਕ ਮਾਣਹਾਨੀ ਮਾਮਲੇ ਨੂੰ ਰੱਦ ਕਰਨ ਦੀ ਮੰਗ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਸੁਖਬੀਰ ਬਾਦਲ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਉਸ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ ਜਿਸ ਵਿੱਚ ਹਾਈ ਕੋਰਟ ਨੇ ਇਸ ਮਾਮਲੇ ਨੂੰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਹ ਵਿਵਾਦ ਉਸ ਸਮੇਂ ਸ਼ੁਰੂ ਹੋਇਆ ਸੀ ਜਦੋਂ ਜਨਵਰੀ 2017 ਵਿੱਚ ਪੰਜਾਬ ਦੇ ਉਪ ਮੁੱਖ ਮੰਤਰੀ ਰਹੇ ਸੁਖਬੀਰ ਬਾਦਲ ਨੇ ਇੱਕ ਬਿਆਨ ਦਿੱਤਾ ਸੀ। ਇਸ ਬਿਆਨ ਵਿੱਚ ਉਨ੍ਹਾਂ ਨੇ ‘ਅਖੰਡ ਕੀਰਤਨੀ ਜਥਾ’ ਨਾਮਕ ਧਾਰਮਿਕ ਸੰਸਥਾ ਨੂੰ ਅਤਿਵਾਦੀ ਸੰਗਠਨ ‘ਬੱਬਰ ਖਾਲਸਾ ਇੰਟਰਨੈਸ਼ਨਲ’ ਦਾ ਸਿਆਸੀ ਵਿੰਗ ਦੱਸਿਆ ਸੀ।



ਇਸ ਤੋਂ ਬਾਅਦ ਸੰਸਥਾ ਦੇ ਮੁੱਖ ਬੁਲਾਰੇ ਨੇ ਸੁਖਬੀਰ ਬਾਦਲ ਖ਼ਿਲਾਫ਼ ਮਾਣਹਾਨੀ ਦੀ ਸ਼ਿਕਾਇਤ ਦਰਜ ਕਰਵਾਈ ਸੀ। ਸ਼ਿਕਾਇਤਕਰਤਾ ਦਾ ਕਹਿਣਾ ਸੀ ਕਿ ਸੁਖਬੀਰ ਬਾਦਲ ਨੇ ਇਹ ਬਿਆਨ ਵੱਖ-ਵੱਖ ਸਿਆਸੀ ਰੈਲੀਆਂ ਅਤੇ ਮੀਡੀਆ ਵਿੱਚ ਦਿੱਤੇ ਸਨ, ਜਿਸ ਨਾਲ ਉਨ੍ਹਾਂ ਦੀ ਬਦਨਾਮੀ ਹੋਈ। ਬਾਦਲ ਦੇ ਵਕੀਲਾਂ ਨੇ ਹਾਈ ਕੋਰਟ ਵਿੱਚ ਦਲੀਲ ਦਿੱਤੀ ਸੀ ਕਿ ਇਹ ਬਿਆਨ ਮਾਣਹਾਨੀ ਦੇ ਦਾਇਰੇ ਵਿੱਚ ਨਹੀਂ ਆਉਂਦਾ ਅਤੇ ਸ਼ਿਕਾਇਤਕਰਤਾ ਕੋਲ ਸੰਸਥਾ ਵੱਲੋਂ ਕੇਸ ਕਰਨ ਦਾ ਕੋਈ ਅਧਿਕਾਰ ਪੱਤਰ ਵੀ ਨਹੀਂ ਸੀ ਪਰ ਹਾਈ ਕੋਰਟ ਨੇ ਉਨ੍ਹਾਂ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ ਜਿਸ ਤੋਂ ਬਾਅਦ ਉਨ੍ਹਾਂ ਸੁਪਰੀਮ ਕੋਰਟ ਦਾ ਰੁਖ਼ ਕੀਤਾ ਸੀ।

ਸੁਪਰੀਮ ਕੋਰਟ ਵਿੱਚ ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਸ਼ੀਲ ਨਾਗੂ ਦੇ ਬੈਂਚ ਸਾਹਮਣੇ ਸੁਖਬੀਰ ਬਾਦਲ ਵੱਲੋਂ ਸੀਨੀਅਰ ਵਕੀਲ ਕਪਿਲ ਸਿੱਬਲ ਪੇਸ਼ ਹੋਏ। ਕਪਿਲ ਸਿੱਬਲ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਸੁਖਬੀਰ ਬਾਦਲ ਨੇ ਆਪਣੇ ਬਿਆਨ ਵਿੱਚ ਕਦੇ ਵੀ ਇਸ ਖਾਸ ਸ਼ਿਕਾਇਤਕਰਤਾ ਦਾ ਨਾਮ ਲੈ ਕੇ ਕੋਈ ਗੱਲ ਨਹੀਂ ਕਹੀ ਸੀ ਅਤੇ ਇਹ ਵੀ ਸਪਸ਼ਟ ਨਹੀਂ ਹੈ ਕਿ ਸ਼ਿਕਾਇਤਕਰਤਾ ਨੂੰ ਅਜਿਹੀ ਸ਼ਿਕਾਇਤ ਕਰਨ ਲਈ ਕਿਸ ਨੇ ਅਧਿਕਾਰ ਦਿੱਤਾ ਹੈ।

ਦੂਜੇ ਪਾਸੇ, ਬੈਂਚ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਕਿਹਾ ਕਿ ਜਦੋਂ ਸ਼ਿਕਾਇਤਕਰਤਾ ਨੇ ਖ਼ੁਦ ਨੂੰ ਸੰਸਥਾ ਦਾ ਮੁੱਖ ਬੁਲਾਰਾ ਦੱਸਿਆ ਹੈ ਅਤੇ ਸੰਗਠਨ ਉੱਤੇ ਅਜਿਹੇ ਗੰਭੀਰ ਇਲਜ਼ਾਮ ਲਗਾਏ ਗਏ ਹਨ ਤਾਂ ਇਸ ਮਾਮਲੇ ਨੂੰ ਮੁੱਢੋਂ ਖਾਰਜ ਨਹੀਂ ਕੀਤਾ ਜਾ ਸਕਦਾ। ਦੋਵਾਂ ਪਾਸਿਆਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਸੁਪਰੀਮ ਕੋਰਟ ਨੇ ਸੁਖਬੀਰ ਬਾਦਲ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ। ਅਦਾਲਤ ਦੇ ਇਸ ਫ਼ੈਸਲੇ ਨਾਲ ਸੁਖਬੀਰ ਬਾਦਲ ਨੂੰ ਵੱਡੀ ਕਾਨੂੰਨੀ ਰਾਹਤ ਨਹੀਂ ਮਿਲ ਸਕੀ ਅਤੇ ਹੁਣ ਮਾਮਲੇ ਦੀ ਅੱਗੇ ਦੀ ਕਾਰਵਾਈ ਮਜਿਸਟ੍ਰੇਟ ਦੀ ਅਦਾਲਤ ਵਿੱਚ ਚੱਲੇਗੀ।

## ਸੰਤ ਦਰਬਾਰਾ ਸਿੰਘ ਕਾਲਜ ਆਫ ਐਜੂਕੇਸਨ ਫਾਰ ਵੂਮਨਜ਼, ਲੋਪੋਂ (ਮੋਗਾ) ਨੂੰ ਯੂਨੀਵਰਸਿਟੀ ਦਾ ਲਰਨਰ ਸਪੋਰਟ ਸੈਂਟਰ ਬਣਾਇਆ



**ਪਟਿਆਲਾ, 21 ਅਗਸਤ**
**-ਛਤਰਪਾਲ ਸਿੰਘ-**

ਉੱਚ ਸਿੱਖਿਆ ਤੱਕ ਪਹੁੰਚ ਵਧਾਉਣ ਦੀ ਆਪਣੀ ਵਚਨਬੱਧਤਾ ਦੇ ਵਜੋਂ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਨੇ ਲੋਪੋਂ (ਮੋਗਾ) ਵਿਖੇ ਸੰਤ ਦਰਬਾਰਾ ਸਿੰਘ ਕਾਲਜ ਆਫ ਐਜੂਕੇਸ਼ਨ ਫਾਰ ਵੂਮਨਜ਼ ਵਿੱਚ ਇਕ ਲਰਨਰ ਸਪੋਰਟ ਸੈਂਟਰ ਸਥਾਪਤ ਕੀਤਾ।

ਇਸ ਸੈਂਟਰ ਦਾ ਉਦਘਾਟਨ ਡਾ. ਵਿਨੋਦ ਕੁਮਾਰ, (ਰੀਜਨਲ ਡਾਇਰੈਕਟਰ) ਅਤੇ ਸ੍ਰੀ ਜਸਵੀਰ ਸਿੰਘ ਜੀ ਨੇ ਕੀਤਾ।

ਯੂਨੀਵਰਸਿਟੀ ਦੁਆਰਾ ਸਥਾਪਤ ਕੀਤਾ ਇਹ ਸੈਂਟਰ ਉਹਨਾਂ ਵਿਦਿਆਰਥੀਆਂ ਨੂੰ ਸਿੱਖਿਆ ਦੇ ਮੌਕੇ ਪ੍ਰਦਾਨ ਕਰੇਗਾ ਜੋ ਨਿੱਜੀ, ਪੇਸ਼ਾਵਰ ਜਾਂ ਭੂਗੋਲਕ ਰੁਕਾਵਟਾਂ ਦੇ ਕਾਰਨ ਰੈਗੂਲਰ ਪੜ੍ਹਾਈ ਨਹੀਂ ਕਰ ਸਕਦੇ। ਇਸ ਸੈਂਟਰ ਰਾਹੀਂ, ਵਿਦਿਆਰਥੀ ਯੂਨੀਵਰਸਿਟੀ ਦੇ ਵੱਖ-ਵੱਖ ਪ੍ਰੋਗਰਾਮਾਂ ਵਿੱਚ ਦਾਖ਼ਲਾ ਲੈ ਕੇ ਆਨਲਾਇਨ ਮਾਧਿਅਮ ਰਾਂਹੀ ਪੜ੍ਹਾਈ ਜਾਰੀ ਰੱਖ ਸਕਦੇ ਹਨ।

ਇਸ ਮੌਕੇ ’ਤੇ ਗੱਲ ਕਰਦੇ ਹੋਏ, ਯੂਨੀਵਰਸਿਟੀ ਅਧਿਕਾਰੀਆਂ ਨੇ ਕਿਹਾ ਕਿ ਇਹ ਯੂਨੀਵਰਸਿਟੀ ਆਨਲਾਇਨ ਪੜ੍ਹਾਈ ਦੇ ਮਾਧਿਅਮ ਰਾਹੀਂ ਬੱਚਿਆਂ ਨੂੰ ਘਰ-ਘਰ ਸਿੱਖਿਆ ਮਹੁੱਈਆ ਕਰਵਾ ਰਹੀ ਹੈ। ਇਸ ਯੂਨੀਵਰਸਿਟੀ ਦਾ ਮੋਟੋ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ, ਖ਼ਾਸ ਕਰਕੇ ’ਸੇਵਾ’ ਦੇ ਭਾਵ ਤੋਂ ਪ੍ਰੇਰਿਤ ਹੈ। ਯੂਨੀਵਰਸਿਟੀ ਅਧਿਕਾਰੀਆਂ ਨੇ ਇਹ ਜ਼ੋਰ ਦਿੱਤਾ ਹੈ ਕਿ ਯੂਨੀਵਰਸਿਟੀ ਦੀ ਉੱਚ ਗੁਣਵੱਤਾ ਵਾਲੀ ਸਿੱਖਿਆ ਨੂੰ ਸਭ ਦੇ ਲਈ ਪਹੁੰਚਯੋਗ, ਘੱਟ ਖਰਚ ਵਾਲੀ ਬਣਾਈ ਰੱਖਣ ਵਿੱਚ ਵਾਈਸ-ਚਾਂਸਲਰ ਪ੍ਰੋਫੈਸਰ ਡਾ. ਰਤਨ ਸਿੰਘ ਦੀ ਮਹਾਨ ਅਗਵਾਈ ਹੇਠ ਯੂਨੀਵਰਸਿਟੀ ਕਾਰਜਸੀਲ ਹੈ। ਸੰਤ ਦਰਬਾਰਾ ਸਿੰਘ ਕਾਲਜ ਆਫ ਐਜੂਕੇਸ਼ਨ ਫਾਰ ਵੂਮਨਜ਼ ਦੇ ਸਟਾਫ ਨੇ ਇਸ ਪਹਿਲਕਦਮੀ ਦਾ ਸਵਾਗਤ ਕੀਤਾ ਅਤੇ ਵਿਸ਼ਵਾਸ ਜ਼ਾਹਰ ਕੀਤਾ ਕਿ ਲਰਨਰ ਸਪੋਰਟ ਸੈਂਟਰ ਮੋਗਾ ਖੇਤਰ ਵਿੱਚ ਜੀਵਨ ਭਰ ਸਿੱਖਣ ਅਤੇ ਸਿੱਖਿਆਕ ਅਧਿਕਾਰਤਾ ਨੂੰ ਸੇਧ ਦੇਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਏਗਾ।




## ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਗੁਰੂਗ੍ਰਾਮ ਵਿੱਚ ਜ਼ਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਨਿਵਾਰਣ ਕਮੇਟੀ ਦੀ ਬੈਠਕ ਸੰਪੰਨ, 17 ਵਿੱਚੋਂ 14 ਮਾਮਲਿਆਂ ਦਾ ਹੋਇਆ ਹੱਲ

**ਚੰਡੀਗੜ੍ਹ 21 ਅਗਸਤ**
**-ਛਤਰਪਾਲ ਸਿੰਘ-**

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਗੁਰੂਗ੍ਰਾਮ ਵਿੱਚ ਨਾਗਰਿਕਾਂ ਨੂੰ ਬਿਹਤਰ ਸੁਵਿਧਾਵਾਂ ਉਪਲਬਧ ਕਰਵਾਉਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਹਰਿਆਣਾ ਸਰਕਾਰ ਲਗਾਤਾਰ ਕੰਮ ਕਰ ਰਹੀ ਹੈ। ਸਮੇਂ ਦੇ ਨਾਲ ਵਿਵਸਥਾਵਾਂ ਵਿੱਚ ਸੁਧਾਰ ਹੋ ਰਿਹਾ ਹੈ ਅਤੇ ਜਿਨ੍ਹਾਂ ਖੇਤਰਾਂ ਵਿੱਚ ਪਹਿਲਾਂ ਸਮੱਸਿਆਵਾਂ ਵੱਧ ਦਿਖਾਈ ਦਿੰਦੀਆਂ ਸਨ, ਉੱਥੇ ਹੁਣ ਸਕਾਰਾਤਮਕ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਬਹੁਤ ਜ਼ਿਆਦਾ ਮੀਂਹ ਪੈਣ ਕਾਰਨ ਅਚਾਨਕ ਵਿਵਸਥਾਵਾਂ ’ਤੇ ਵਾਧੂ ਦਬਾਅ ਆਉਂਦਾ ਹੈ ਅਤੇ ਪਾਣੀ ਭਰਨ ਵਰਗੀਆਂ ਸਥਿਤੀਆਂ ਪੈਦਾ ਹੁੰਦੀਆਂ ਹਨ, ਪਰ ਇਸ ਦੇ ਬਾਵਜੂਦ ਪਿਛਲੇ ਸਮੇਂ ਵਿੱਚ ਕੀਤੇ ਗਏ ਕੰਮਾਂ ਦਾ ਲਾਭ ਸਪੱਸ਼ਟ ਰੂਪ ਵਿੱਚ ਹੁਣ ਦਿਖਾਈ ਦੇ ਰਿਹਾ ਹੈ। ਮੁੱਖ ਮੰਤਰੀ ਸ਼ੁੱਕਰਵਾਰ ਨੂੰ ਗੁਰੂਗ੍ਰਾਮ ਵਿੱਚ ਜ਼ਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਨਿਵਾਰਣ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਮੀਟਿੰਗ ਵਿੱਚ ਹਰਿਆਣਾ ਦੇ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ, ਪਟੌਦੀ ਤੋਂ ਵਿਧਾਇਕ ਸ਼੍ਰੀਮਤੀ ਬਿਮਲਾ ਚੌਧਰੀ, ਸੋਹਨਾ ਦੇ ਵਿਧਾਇਕ ਸ਼੍ਰੀ ਤੇਜਪਾਲ ਤੰਵਰ, ਗੁਰੂਗ੍ਰਾਮ ਦੇ ਵਿਧਾਇਕ ਸ਼੍ਰੀ ਮੁਕੇਸ਼ ਸ਼ਰਮਾ ਵੀ ਮੌਜੂਦ ਰਹੇ। ਬੈਠਕ ਵਿੱਚ ਕੁੱਲ 17 ਪਰਿਵਾਦ ਰੱਖੇ ਗਏ, ਜਿਨ੍ਹਾਂ ਵਿੱਚੋਂ ਮੁੱਖ ਮੰਤਰੀ ਨੇ 14 ਦਾ ਮੌਕੇ ’ਤੇ ਹੀ ਨਿਪਟਾਰਾ ਕੀਤਾ, ਜਦੋਂ ਕਿ 3 ਮਾਮਲਿਆਂ ਨੂੰ ਆਉਣ ਵਾਲੀ ਬੈਠਕ ਤੱਕ ਲੰਬਿਤ ਰੱਖਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਲੰਬਿਤ ਮਾਮਲਿਆਂ ਦੀ ਸਟੇਟਸ ਰਿਪੋਰਟ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ। ਪਾਇਨੀਅਰ ਇੰਡਸਟਰੀਅਲ ਪਾਰਕ ਵਿੱਚ 33 ਕੇ.ਵੀ.



ਸਬ-ਸਟੇਸ਼ਨ ਲਈ ਤੁਰੰਤ ਜ਼ਮੀਨ ਉਪਲਬਧ ਕਰਵਾਉਣ ਸਬੰਧਤ ਬਿਲਡਰ, ਨਹੀਂ ਤਾਂ ਦਰਜ ਕੀਤੀ ਜਾਵੇ ਐਫ.ਆਈ.ਆਰ. ਬਿਲਾਸਪੁਰ-ਤਾਵਡੂ ਰੋਡ ਸਥਿਤ ਪਾਇਨੀਅਰ ਇੰਡਸਟਰੀਅਲ ਪਾਰਕ ਤੋਂ ਆਏ ਵੈੱਲਫੇਅਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਇੰਡਸਟਰੀਅਲ ਪਾਰਕ ਵਿੱਚ 33 ਕੇ.ਵੀ. ਸਬ-ਸਟੇਸ਼ਨ ਸਥਾਪਿਤ ਕਰਨ ਲਈ ਬਿਲਡਰ ਵੱਲੋਂ ਨਿਰਧਾਰਤ ਜ਼ਮੀਨ ਉਪਲਬਧ ਨਹੀਂ ਕਰਵਾਈ ਜਾ ਰਹੀ ਹੈ, ਜਿਸ ਕਾਰਨ ਉਦਯੋਗਿਕ ਇਕਾਈਆਂ ਦੀ ਬਿਜਲੀ ਸਪਲਾਈ ਪ੍ਰਭਾਵਿਤ ਹੋ ਰਹੀ ਹੈ। ਐਸੋਸੀਏਸ਼ਨ ਦੀ ਸ਼ਿਕਾਇਤ ਦਾ ਨੋਟਿਸ ਲੈਂਦਿਆਂ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਬਿਜਲੀ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪ੍ਰਸਤਾਵਿਤ 33 ਕੇ.ਵੀ. ਸਬ-ਸਟੇਸ਼ਨ ਦੇ ਨਿਰਮਾਣ ਲਈ ਡਿਵੈਲਪਰ ਤੋਂ ਜ਼ਰੂਰੀ ਜ਼ਮੀਨ ਤੁਰੰਤ ਉਪਲਬਧ ਕਰਵਾਈ ਜਾਵੇ। ਮੁੱਖ ਮੰਤਰੀ ਨੇ ਸਪੱਸ਼ਟ ਨਿਰਦੇਸ਼ ਦਿੱਤੇ ਕਿ ਜੇਕਰ ਬਿਲਡਰ/ਡਿਵੈਲਪਰ ਸਬ-ਸਟੇਸ਼ਨ ਲਈ ਜ਼ਰੂਰੀ ਜ਼ਮੀਨ ਉਪਲਬਧ ਕਰਵਾਉਣ ਵਿੱਚ ਸਹਿਯੋਗ ਨਹੀਂ ਕਰਦਾ ਹੈ, ਤਾਂ ਉਸ ਦੇ ਵਿਰੁੱਧ ਨਿਯਮਾਂ ਅਨੁਸਾਰ ਐੱਫ.ਆਈ.ਆਰ. ਦਰਜ ਕਰਵਾ ਕੇ ਜ਼ਰੂਰੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਹੁਕਮ ਦਿੱਤੇ ਕਿ ਮਾਮਲੇ ਵਿੱਚ ਕਿਸੇ ਤਰ੍ਹਾਂ ਦੀ ਲਾਪਰਵਾਹੀ ਨਾ ਵਰਤੀ ਜਾਵੇ ਅਤੇ ਉਦਯੋਗਿਕ ਖੇਤਰ ਵਿੱਚ ਯੋਗ, ਨਿਯਮਿਤ ਤੇ ਬਿਨਾਂ ਰੁਕਾਵਟ ਬਿਜਲੀ ਸਪਲਾਈ ਯਕੀਨੀ ਕਰਨ ਲਈ 33 ਕੇਵੀ ਸਬ ਸਟੇਸ਼ਨ ਦੇ ਨਿਰਮਾਣ ਨੂੰ ਪਹਿਲ ਦੇ ਆਧਾਰ ਉਤੇ ਵਧਾਇਆ ਜਾਵੇ।

ਸਦਰ ਬਾਜ਼ਾਰ ਨਾਲ ਸਬੰਧਤ ਸ਼ਿਕਾਇਤ ਵਿੱਚ ਦੱਸਿਆ ਗਿਆ ਕਿ ਪੋਸਟ ਆਫ਼ਿਸ ਚੌਕ ਤੋਂ ਬੱਸ ਸਟੈਂਡ ਤੱਕ ਦਾ ਰਸਤਾ ਸਦਰ ਬਾਜ਼ਾਰ ਦਾ ਮੁੱਖ ਪ੍ਰਵੇਸ਼ ਮਾਰਗ ਹੋਣ ਦੇ ਨਾਲ-ਨਾਲ ਬਹੁਤ ਵਿਅਸਤ ਖੇਤਰ ਹੈ। ਇਸ ਮਾਰਗ ’ਤੇ ਵੱਡੀ ਗਿਣਤੀ ਵਿੱਚ ਈ-ਰਿਕਸ਼ਾ, ਆਟੋ ਅਤੇ ਹੋਰ ਵਾਹਨ ਸੜਕ ’ਤੇ ਬੇਤਰਤੀਬੇ ਢੰਗ ਨਾਲ ਖੜ੍ਹੇ ਰਹਿੰਦੇ ਹਨ ਅਤੇ ਵਿਚਕਾਰ ਸੜਕ ’ਤੇ ਸਵਾਰੀਆਂ ਬਿਠਾਉਣ ਅਤੇ ਉਤਾਰਨ ਕਾਰਨ ਆਵਾਜਾਈ ਪ੍ਰਭਾਵਿਤ ਹੁੰਦੀ ਹੈ। ਸ਼ਿਕਾਇਤ ਅਨੁਸਾਰ ਆਮ ਨਾਂਗਰਿਕਾਂ, ਵਪਾਰੀਆਂ ਅਤੇ ਐਮਰਜੈਂਸੀ ਵਾਹਨਾਂ ਨੂੰ ਆਉਣ ਜਾਣ ਵਿਚ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸ਼ਿਕਾਇਤ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਕਿਹਾ ਕਿ ਆਵਾਜਾਈ ਨੂੰ ਆਸਾਨ ਕਰਨਾਂ ਤੇ ਵਧੀਆ ਆਵਾਜਾਈ ਸਹੂਲਤ ਉਪਲੱਬਧ ਕਰਵਾਉਣਾ ਸਰਕਾਰ ਦੀ ਪਹਿਲ ਹੈ। ਉਨ੍ਹਾਂ ਨਿਗਮ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਈ-ਰਿਕਸ਼ਾ ਲਈ ਨਿਰਧਾਰਤ ਸਟੈਂਡ ਅਤੇ ਸਵਾਰੀਆਂ ਚੜ੍ਹਾਉਣ-ਉਤਾਰਨ ਲਈ ਢੁਕਵੀਂ ਥਾਂ ਦੀ ਚੋਣ ਕੀਤੀ ਜਾਵੇ, ਤਾਂ ਜੋ ਵਾਹਨ ਮੁੱਖ ਮਾਰਗ ’ਤੇ ਖੜ੍ਹੇ ਨਾ ਹੋਣ ਅਤੇ ਆਵਾਜਾਈ ਵਿਵਸਥਾ ਸੁਚਾਰੂ ਬਣੀ ਰਹੇ। ਨਾਲ ਹੀ, ਸਦਰ ਬਾਜ਼ਾਰ ਦੇ ਮੁੱਖ ਪ੍ਰਵੇਸ਼ ਮਾਰਗ ਉਤੇ ਨਿਯਮਿਤ ਰੂਪ ਵਿੱਚ ਕਬਜ਼ੇ ਹਟਾਉਣ ਦੀ ਮੁਹਿੰਮ ਚਲਾਈ ਜਾਵੇ ਅਤੇ ਸੜਕ ਨੂੰ ਨਜਾਇਜ਼ ਕਬਜ਼ੇ ਤੋਂ ਮੁਕਤ ਰੱਖਦੇ ਹੋਏ ਆਵਾਜਾਈ ਨੂੰ ਸੰਚਾਰੂ ਚਲਾਇਆ ਜਾ ਸਕੇ।

ਢੂੰਡ ਸਰਾਏ ਵੀਰਾਨ ਸਥਿਤ ਕ੍ਰਿਸ਼ਨਾ ਕਾਲੋਨੀ ਦੇ ਆਰ.ਡਬਲਯੂ.ਏ. ਨਿਵਾਸੀਆਂ ਨੇ ਸ਼ਿਕਾਇਤ ਵਿੱਚ ਦੱਸਿਆ ਕਿ ਕਾਲੋਨਾਈਜ਼ਰਾਂ ਵੱਲੋਂ ਨਿਯਮਾਂ ਦੀ ਉਲੰਘਣਾ ਕਰਕੇ ਕਾਲੋਨੀ ਵਿਕਸਤ ਕੀਤੀ ਗਈ ਹੈ। ਕਾਲੋਨੀਨਾਈਜ਼ਰਾਂ ਵੱਲੋਂ ਰਸਤੇ ਦੀ ਜ਼ਮੀਨ ਨੂੰ ਵੇਚਣ ਅਤੇ ਖਰੀਦਦਾਰਾਂ ਵੱਲੋਂ ਉਸ ਉਤੇ ਕਬਜ਼ਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਨਾਲ ਹੀ, ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਕਿ ਅਣਅਧਿਕਾਰਤ ਨਿਰਮਾਣ ਅਤੇ ਕਾਲੋਨੀ ਦੇ ਸਬੰਧ ਵਿੱਚ ਨਿਯਮਾਂ ਅਨੁਸਾਰ ਕਾਰਵਾਈ ਨੂੰ ਯਕੀਨੀ ਬਣਾਉਂਦੇ ਹੋਏ ਪ੍ਰਭਾਵਿਤ ਲੋਕਾਂ ਦੀਆਂ ਸਮੱਸਿਆਵਾਂ ਦਾ ਵੀ ਪਹਿਲ ਦੇ ਆਧਾਰ ’ਤੇ ਹੱਲ ਕੀਤਾ ਜਾਵੇ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਦਾ ਯਤਨ ਹੈ ਕਿ ਕਿਸੇ ਵੀ ਸਮੱਸਿਆ ਦੇ ਸਥਾਈ ਹੱਲ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਕੀਤਾ ਜਾਵੇ, ਤਾਂ ਜੋ ਨਾਗਰਿਕਾਂ ਨੂੰ ਵਾਰ-ਵਾਰ ਹੋਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਰਾਹਤ ਮਿਲ ਸਕੇ। ਉਨ੍ਹਾਂ ਕਿਹਾ ਕਿ ਨਾਗਰਿਕਾਂ ਦੀਆਂ ਸ਼ਿਕਾਇਤਾਂ ਦਾ ਹੱਲ ਸਿਰਫ਼ ਤਤਕਾਲ ਰਾਹਤ ਤੱਕ ਸੀਮਤ ਨਾ ਰਹੇ, ਸਗੋਂ ਸਬੰਧਤ ਵਿਭਾਗ ਸਥਾਈ ਹੱਲ ਦੀ ਦਿਸ਼ਾ ਵਿੱਚ ਵੀ ਪ੍ਰਭਾਵਸ਼ਾਲੀ ਕਦਮ ਚੁੱਕਣ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਬੈਠਕ ਵਿੱਚ ਪ੍ਰਾਪਤ ਸ਼ਿਕਾਇਤਾਂ ਅਤੇ ਪਹਿਲਾਂ ਦਿੱਤੇ ਗਏ ਨਿਰਦੇਸ਼ਾਂ ਦੀ ਨਿਯਮਤ ਤੌਰ ’ਤੇ ਸਮੀਖਿਆ ਕੀਤੀ ਜਾਵੇ ਅਤੇ ਲੰਬਿਤ ਮਾਮਲਿਆਂ ਦਾ ਪਹਿਲ ਦੇ ਆਧਾਰ ’ਤੇ ਨਿਪਟਾਰਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਗੁਰੂਗ੍ਰਾਮ ਦੀ ਮੇਅਰ ਰਾਜਰਾਨੀ ਮਲਹੋਤਰਾ, ਸ਼ਹਿਰੀ ਵਿਕਾਸ ਵਿਭਾਗ ਦੇ ਪ੍ਰਧਾਨ ਸਲਾਹਕਾਰ ਡੀ. ਐੱਸ. ਢੇਸੀ, ਜੀ.ਐੱਮ.ਡੀ.ਏ. ਦੇ ਸੀ.ਈ.ਓ. ਪੀ.ਸੀ. ਮੀਣਾ, ਸੀ.ਪੀ. ਸ਼ਿਵਾਸ ਕਾਜ, ਨਗਰ ਨਿਗਮ ਗੁਰੂਗ੍ਰਾਮ ਕਮਿਸ਼ਨਰ ਪ੍ਰਦੀਪ ਦਹੀਆ, ਡੀ.ਸੀ. ਉੱਤਮ ਸਿੰਘ, ਐੱਚ.ਐੱਸ.ਵੀ.ਪੀ. ਦੀ ਪ੍ਰਸ਼ਾਸਕ ? ?ਸ਼ਾਲੀ ਸਿੰਘ, ਮਾਨੇਸਰ ਦੇ ਨਿਗਮ ਕਮਿਸ਼ਨਰ ਪ੍ਰਦੀਪ ਸਿੰਘ, ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਾਜੀਵ ਜੇਤਲੀ, ਮੁੱਖ ਮੰਤਰੀ ਦੇ ਓ.ਐੱਸ.ਡੀ. ਅਤੇ ਸੂਚਨਾ, ਜਨਸੰਪਰਕ ਤੇ ਭਾਸ਼ਾ ਵਿਭਾਗ ਦੇ ਵਧੀਕ ਨਿਦੇਸ਼ਕ ਵਿਵੇਕ ਕਾਲੀਆ ਸਮੇਤ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਰਹੇ।

## ਸੰਪਾਦਕੀ

# ਜੈਨੇਟਿਕ ਤੌਰ ’ਤੇ ਸੋਧੇ ਬੀਜ: ਖੇਤੀ ਦੀ ਕ੍ਰਾਂਤੀ ਜਾਂ ਭਵਿੱਖ ਦੀ ਨਵੀਂ ਕਸੌਟੀ ?

ਦੁਨੀਆ ਦੀ ਵਧਦੀ ਆਬਾਦੀ, ਬਦਲਦਾ ਮੌਸਮ, ਪਾਣੀ ਦੀ ਕਮੀ ਅਤੇ ਖੇਤੀ ਦੀ ਘਟਦੀ ਆਮਦਨ ਨੇ ਵਿਗਿਆਨ ਨੂੰ ਅਜਿਹੀਆਂ ਫ਼ਸਲਾਂ ਵਿਕਸਿਤ ਕਰਨ ਵੱਲ ਧੱਕਿਆ ਹੈ ਜੋ ਕੀੜਿਆਂ, ਬਿਮਾਰੀਆਂ, ਸੁੱਕੇ ਅਤੇ ਕੁਝ ਹਾਲਾਤਾਂ ਵਿੱਚ ਜੰਗਲੀ ਬੂਟਿਆਂ ਨੂੰ ਨਿਯੰਤਰਿਤ ਕਰਨ ਵਾਲੀਆਂ ਦਵਾਈਆਂ ਦਾ ਵਿਰੋਧ ਕਰ ਸਕਣ। ਇਸੇ ਸੰਦਰਭ ਵਿੱਚ ਜੈਨੇਟਿਕ ਤੌਰ ’ਤੇ ਸੋਧੇ ਬੀਜ ਆਧੁਨਿਕ ਖੇਤੀ ਦੀ ਸਭ ਤੋਂ ਵੱਡੀ ਤਕਨੀਕੀ ਬਹਿਸ ਬਣ ਚੁੱਕੇ ਹਨ। ਇਸ ਤਕਨਾਲੋਜੀ ਵਿੱਚ ਪੌਦੇ ਦੇ ਜੈਨੇਟਿਕ ਪਦਾਰਥ (ਡੀ.ਐੱਨ.ਏ.) ਵਿੱਚ ਵਿਸ਼ੇਸ਼ ਤਬਦੀਲੀ ਕਰਕੇ ਕੋਈ ਲੋੜੀਂਦਾ ਗੁਣ ਪੈਦਾ ਕੀਤਾ ਜਾਂਦਾ ਹੈ। ਇਸ ਦੇ ਹੱਕ ਵਿੱਚ ਸਭ ਤੋਂ ਵੱਡੀ ਦਲੀਲ ਇਹ ਹੈ ਕਿ ਇਸ ਨਾਲ ਪੈਦਾਵਾਰ ਵਧ ਸਕਦੀ ਹੈ, ਕੁਝ ਫ਼ਸਲਾਂ ਵਿੱਚ ਕੀਟਨਾਸ਼ਕਾਂ ਦੀ ਵਰਤੋਂ ਘਟ ਸਕਦੀ ਹੈ ਅਤੇ ਕਿਸਾਨਾਂ ਦੀ ਆਮਦਨ ਵਿੱਚ ਸੁਧਾਰ ਆ ਸਕਦਾ ਹੈ। ਇੱਕ ਵੱਡੇ ਵਿਗਿਆਨਕ ਅਧਿਐਨ-ਸੰਗ੍ਰਹਿ ਵਿੱਚ ਜੈਨੇਟਿਕ ਤੌਰ ’ਤੇ ਸੋਧੀਆਂ ਫ਼ਸਲਾਂ ਨਾਲ ਔਸਤਨ ਕੀਟਨਾਸ਼ਕਾਂ ਦੀ ਵਰਤੋਂ ਵਿੱਚ ਕਮੀ, ਪੈਦਾਵਾਰ ਅਤੇ ਕਿਸਾਨੀ ਮੁਨਾਫ਼ੇ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਪਰ ਸਵਾਲ ਇਹ ਹੈ ਕਿ ਤੁਰੰਤ ਮਿਲਣ ਵਾਲਾ ਲਾਭ ਅਤੇ ਪੀੜ੍ਹੀਆਂ ਤੱਕ ਰਹਿਣ ਵਾਲੇ ਪ੍ਰਭਾਵ—ਕੀ ਦੋਵੇਂ ਇੱਕੋ ਤਰਾਜੂ ’ਤੇ ਤੋਲੇ ਜਾ ਰਹੇ ਹਨ ? ਮਨੁੱਖੀ ਸਿਹਤ ਦੇ ਮਾਮਲੇ ਵਿੱਚ ਅਜੇ ਤੱਕ ਮਨਜ਼ੂਰਸ਼ੁਦਾ ਜੈਨੇਟਿਕ ਤੌਰ ’ਤੇ ਸੋਧੇ ਭੋਜਨਾਂ ਨੂੰ ਆਮ ਆਬਾਦੀ ਵਿੱਚ ਕੈਂਸਰ, ਪ੍ਰਜਨਨ-ਸੰਬੰਧੀ ਨੁਕਸਾਨ ਜਾਂ ਹੋਰ ਲੰਬੇ ਸਮੇਂ ਦੀਆਂ ਬਿਮਾਰੀਆਂ ਨਾਲ ਜੋੜਨ ਵਾਲਾ ਕੋਈ ਇਕਸਾਰ ਕਾਰਣਾਤਮਕ ਸਬੂਤ ਨਹੀਂ ਮਿਲਿਆ। 2026 ਦੀ ਇੱਕ ਤਾਜ਼ਾ ਵਿਗਿਆਨਕ ਸਮੀਖਿਆ ਵੀ ਅਜਿਹੇ ਸਿੱਧੇ ਸਬੰਧਾਂ ਦੀ ਪੁਸ਼ਟੀ ਨਹੀਂ ਕਰਦੀ। ਇਸ ਲਈ ਜੈਨੇਟਿਕ ਤੌਰ ’ਤੇ ਸੋਧੇ ਭੋਜਨ ਨੂੰ ਜ਼ਹਿਰ ਜਾਂ ਮਨੁੱਖੀ ਜੈਨੇਟਿਕ ਤਬਾਹੀ ਕਹਿਣਾ ਵਿਗਿਆਨਕ ਤੌਰ ’ਤੇ ਠੀਕ ਨਹੀਂ ਹੋਵੇਗਾ। ਪਰ ਚਿੰਤਾ ਦਾ ਦੂਜਾ ਪੱਖ ਪੂਰੀ ਖੇਤੀ ਪ੍ਰਣਾਲੀ ਹੈ। ਜੇ ਇੱਕੋ ਜੈਨੇਟਿਕ ਕਿਸਮ ਦੀਆਂ ਫ਼ਸਲਾਂ ਵੱਡੇ ਪੱਧਰ ’ਤੇ ਬੀਜੀਆਂ ਜਾਣ ਤਾਂ ਜੈਵ-ਵਿਭਿੰਨਤਾ, ਸਥਾਨਕ ਬੀਜ ਕਿਸਮਾਂ ਅਤੇ ਪਰੰਪਰਾਗਤ ਖੇਤੀ ਗਿਆਨ ਦੇ ਘਟਣ ਦਾ ਖ਼ਤਰਾ ਪੈਦਾ ਹੋ ਸਕਦਾ ਹੈ। ਕੀੜਿਆਂ ਵਿੱਚ ਰੋਧਕਤਾ ਅਤੇ ਕੁਝ ਜੰਗਲੀ ਬੂਟਿਆਂ ਵਿੱਚ ਨਦੀਨਨਾਸ਼ਕ ਦਵਾਈਆਂ ਪ੍ਰਤੀ ਰੋਧਕਤਾ ਵੀ ਲੰਬੇ ਸਮੇਂ ਦੀ ਪ੍ਰਬੰਧਕੀ ਚੁਣੌਤੀ ਬਣ ਸਕਦੀ ਹੈ।

ਇਸ ਲਈ ਜੈਨੇਟਿਕ ਸੋਧ ਤਕਨਾਲੋਜੀ ਆਪਣੇ ਆਪ ਵਿੱਚ ਨਾ ਪੂਰੀ ਤਰ੍ਹਾਂ ਚੰਗੀ ਹੈ ਅਤੇ ਨਾ ਮਾੜੀ। ਨਤੀਜਾ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਕਿਹੜਾ ਜੀਨ, ਕਿਹੜੀ ਫ਼ਸਲ ਅਤੇ ਕਿਹੜੀ ਖੇਤੀ ਪ੍ਰਣਾਲੀ ਵਰਤੀ ਜਾ ਰਹੀ ਹੈ। ਅਮਰੀਕੀ ਰਾਸ਼ਟਰੀ ਵਿਗਿਆਨ, ਇੰਜੀਨੀਅਰਿੰਗ ਅਤੇ ਦਵਾਈ ਅਕਾਦਮੀਆਂ ਨੇ ਵੀ ਜੈਨੇਟਿਕ ਤੌਰ ’ਤੇ ਸੋਧੀਆਂ ਫ਼ਸਲਾਂ ਦੇ ਸਿਹਤ, ਵਾਤਾਵਰਣ, ਖੇਤੀ ਅਤੇ ਆਰਥਿਕ ਪ੍ਰਭਾਵਾਂ ਨੂੰ ਵੱਖ-ਵੱਖ ਸੰਦਰਭਾਂ ਵਿੱਚ ਦੇਖਣ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ। ਪਸ਼ੂਧਨ ਲਈ ਵੀ ਇਹ ਮਾਮਲਾ ਸਿਰਫ਼ ਜੈਨੇਟਿਕ ਤੌਰ ’ਤੇ ਸੋਧੀ ਫ਼ਸਲ ਖਾਧੀ ਤਾਂ ਪਸ਼ੂ ਖ਼ਤਮ ਹੋ ਜਾਣਗੇ ਜਿੰਨਾ ਸਧਾਰਨ ਨਹੀਂ ਹੈ। ਜੈਨੇਟਿਕ ਤੌਰ ’ਤੇ ਸੋਧੀ ਪਸ਼ੂ-ਖੁਰਾਕ ਦੀ ਸੁਰੱਖਿਆ ਫ਼ਸਲ-ਵਿਸ਼ੇਸ਼ ਮੁਲਾਂਕਣ, ਪੋਸ਼ਣਕਾਰੀ ਬਣਤਰ, ਸ਼ਾਮਲ ਕੀਤੇ ਗਏ ਜੈਨੇਟਿਕ ਗੁਣ ਅਤੇ ਵਰਤੋਂ ਦੇ ਤਰੀਕੇ ’ਤੇ ਨਿਰਭਰ ਕਰਦੀ ਹੈ। ਪਰ ਨਦੀਨਨਾਸ਼ਕਾਂ ਦੀ ਵਧੀ ਵਰਤੋਂ, ਪਸ਼ੂ-ਖੁਰਾਕ ਦੀ ਗੁਣਵੱਤਾ, ਮਿੱਟੀ ਦੀ ਸਿਹਤ ਅਤੇ ਜੈਵ-ਵਿਭਿੰਨਤਾ ਵਿੱਚ ਤਬਦੀਲੀਆਂ ਪਸ਼ੂਧਨ ਦੀ ਪੂਰੀ ਖੁਰਾਕ-ਲੜੀ ਲਈ ਵੱਖਰੇ ਸਵਾਲ ਖੜ੍ਹੇ ਕਰ ਸਕਦੀਆਂ ਹਨ। ਇਸ ਤੋਂ ਵੀ ਵੱਡਾ ਸਵਾਲ ਬੀਜ ਦੀ ਮਾਲਕੀ ਹੈ। ਜੇ ਕਿਸਾਨ ਆਪਣਾ ਪਰੰਪਰਾਗਤ ਬੀਜ ਸੰਭਾਲਣ ਦੀ ਥਾਂ ਕੁਝ ਵੱਡੀਆਂ ਕੰਪਨੀਆਂ ਦੇ ਵਪਾਰਕ ਬੀਜਾਂ ’ਤੇ ਨਿਰਭਰ ਹੋ ਜਾਂਦੇ ਹਨ ਤਾਂ ਬੀਜ-ਸਰਵਭੌਮਤਾ ਅਤੇ ਕਿਸਾਨ ਦੀ ਆਤਮਨਿਰਭਰਤਾ ਕਮਜ਼ੋਰ ਹੋ ਸਕਦੀ ਹੈ। ਇਹੀ ਉਹ ਬਿੰਦੂ ਹੈ ਜਿੱਥੇ ਜੈਨੇਟਿਕ ਤਕਨਾਲੋਜੀ ਦਾ ਵਿਗਿਆਨਕ ਸਵਾਲ ਆਰਥਿਕ ਅਤੇ ਰਾਜਨੀਤਿਕ ਸਵਾਲ ਬਣ ਜਾਂਦਾ ਹੈ। ਭਾਰਤ ਵਿੱਚ ਇਹ ਬਹਿਸ ਹੋਰ ਵੀ ਮਹੱਤਵਪੂਰਨ ਹੈ। ਬੀ.ਟੀ. ਕਪਾਹ ਨੂੰ 2002 ਤੋਂ ਵਪਾਰਕ ਤੌਰ ’ਤੇ ਮਨਜ਼ੂਰ ਜੈਨੇਟਿਕ ਤੌਰ ’ਤੇ ਸੋਧੀ ਫ਼ਸਲ ਵਜੋਂ ਵਰਤਿਆ ਜਾ ਰਿਹਾ ਹੈ, ਜਦਕਿ ਜੈਨੇਟਿਕ ਤੌਰ ’ਤੇ ਸੋਧੀ ਸਰੋਂ ਸਮੇਤ ਖੁਰਾਕੀ ਫ਼ਸਲਾਂ ਬਾਰੇ ਲੰਬੀ ਨਿਯਮਕ ਅਤੇ ਜਨਤਕ ਨੀਤੀ-ਬਹਿਸ ਜਾਰੀ ਰਹੀ ਹੈ। ਭਾਰਤ ਦੀ ਸੁਪਰੀਮ ਕੋਰਟ ਨੇ ਵੀ ਜੈਨੇਟਿਕ ਤੌਰ ’ਤੇ ਸੋਧੀਆਂ ਫ਼ਸਲਾਂ ਲਈ ਇੱਕ ਰਾਸ਼ਟਰੀ ਨੀਤੀ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ।

ਇਸ ਲਈ ਇਸ ਯੋਜਨਾ ਦੇ ਪਿੱਛੇ ਕੀ ਹੈ ? ਦਾ ਜਵਾਬ ਸਿਰਫ਼ ਕਿਸੇ ਇੱਕ ਕੰਪਨੀ ਜਾਂ ਸਰਕਾਰ ਦੀ ਸਾਜ਼ਿਸ਼ ਨਹੀਂ ਹੋ ਸਕਦਾ। ਇਸ ਪਿੱਛੇ ਖੁਰਾਕ ਸੁਰੱਖਿਆ, ਮੌਸਮੀ ਤਬਦੀਲੀ ਨਾਲ ਨਜਿੱਠਣ ਦੀ ਸਮਰੱਥਾ, ਪੈਦਾਵਾਰ ਵਧਾਉਣ, ਕੀਟ ਨਿਯੰਤਰਣ, ਬੀਜ ਉਦਯੋਗ, ਬੌਧਿਕ ਸੰਪਤੀ ਦੇ ਅਧਿਕਾਰ ਅਤੇ ਵੱਡੇ ਖੇਤੀ-ਬਾਜ਼ਾਰ—ਸਾਰੇ ਕਾਰਕ ਮੌਜੂਦ ਹਨ।

ਅਸਲ ਨੀਤੀ ਇਹ ਹੋਣੀ ਚਾਹੀਦੀ ਹੈ ਕਿ ਜੈਨੇਟਿਕ ਤੌਰ ’ਤੇ ਸੋਧੇ ਬੀਜਾਂ ਨੂੰ ਨਾ ਅੰਨ੍ਹੇ ਤੌਰ ’ਤੇ ਸਵੀਕਾਰਿਆ ਜਾਵੇ ਅਤੇ ਨਾ ਹੀ ਬਿਨਾਂ ਸਬੂਤ ਡਰ ਦੇ ਆਧਾਰ ’ਤੇ ਰੱਦ ਕੀਤਾ ਜਾਵੇ। ਹਰ ਜੈਨੇਟਿਕ ਤੌਰ ’ਤੇ ਸੋਧੀ ਫ਼ਸਲ ਦੀ ਸੁਤੰਤਰ ਜੈਵ-ਸੁਰੱਖਿਆ ਜਾਂਚ, ਮਨੁੱਖੀ ਅਤੇ ਪਸ਼ੂ ਸਿਹਤ ਮੁਲਾਂਕਣ, ਜੈਵ-ਵਿਭਿੰਨਤਾ ਦਾ ਅਧਿਐਨ, ਮਿੱਟੀ ਉੱਤੇ ਪ੍ਰਭਾਵ ਦੀ ਜਾਂਚ, ਲੰਬੇ ਸਮੇਂ ਦੀ ਨਿਗਰਾਨੀ ਅਤੇ ਕਿਸਾਨੀ ਆਰਥਿਕ ਪ੍ਰਭਾਵਾਂ ਦੀ ਪੜਤਾਲ ਲਾਜ਼ਮੀ ਹੋਣੀ ਚਾਹੀਦੀ ਹੈ।

ਕਿਉਂਕਿ ਬੀਜ ਸਿਰਫ਼ ਇੱਕ ਵਪਾਰਕ ਉਤਪਾਦ ਨਹੀਂ—ਇਹ ਭਵਿੱਖ ਦੀ ਖੁਰਾਕ, ਕਿਸਾਨ ਦੀ ਆਜ਼ਾਦੀ ਅਤੇ ਦੇਸ਼ ਦੀ ਖੇਤੀ-ਸਰਵਭੌਮਤਾ ਦਾ ਆਧਾਰ ਹੈ।

**-ਛੱਤਰਪਾਲ ਸਿੰਘ**




Shaheed-e-Azam Printed, published and owned by Harjinder Chaudhary printed at Raftaar Printing Press, Factory Area, Patiala and published at Office Shaheed-e-Azam, Dukhniwaran Chowk Patiala.
Editor : Chhatarpal Singh
PRGI (RNI) Regd. No. 42354

ਨੋਟ : ਸੰਪਾਦਕ ਸਿਰਫ਼ ਪੀ ਆਰ ਬੀ ਐਕਟ ਅਧੀਨ ਖ਼ਬਰਾਂ ਲਈ ਜ਼ਿੰਮੇਵਾਰ ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ਼ ਪਟਿਆਲਾ ਅਦਾਲਤ ’ਚ ਹੀ ਹੋਵੇਗਾ।

Shaheed-e-Azam, Daily Punjabi Newspaper, Patiala
Editor-in-Chief : Prabhjit Singh
Editor : Chhatarpal Singh
Contact : 93165-23260, 98146-32807
Email : seanewspatiala@gmail.com
www.shaheedeazamnews.com
For Advertisement : 93165-23260, 98146-32807

# ਕੀ ਫ੍ਰੀ ਟ੍ਰੇਡ ਐਗਰੀਮੈਂਟ ਰਾਹੀਂ ਖੁੱਲ੍ਹੇਗਾ ਨਵੇਂ ਬਾਜ਼ਾਰ ਦਾ ਦਰਵਾਜ਼ਾ ਜਾਂ ਹੋਵੇਗੀ ਇਕ ਹੋਰ ਨਵੀਂ ਅਗਨੀ-ਪਰੀਖਿਆ ?



ਗੁਰਮੀਤ ਸਿੰਘ ਤੁੰਗ
ਬਿਊਰੋ ਚੀਫ਼.
9855221193

ਭਾਰਤ ਦੀ ਬਦਲਦੀ ਵਿਦੇਸ਼ ਵਪਾਰ ਨੀਤੀ, ਪੰਜਾਬ ਦੀ ਕਿਸਾਨੀ, ਉਦਯੋਗ, ਸ਼ਹਿਰ ਅਤੇ ਆਉਣ ਵਾਲੀ ਅਰਥਵਿਵਸਥਾ ਦਾ ਇੱਕ ਗੰਭੀਰ ਵਿਸ਼ਲੇਸ਼ਣ

ਦੁਨੀਆ ਦੀ ਅਰਥਵਿਵਸਥਾ ਹੁਣ ਸਿਰਫ਼ ਸਰਹੱਦਾਂ ਦੇ ਅੰਦਰ ਨਹੀਂ ਚੱਲਦੀ। ਜਿਸ ਦੇਸ਼ ਕੋਲ ਵੱਡਾ ਬਾਜ਼ਾਰ ਹੈ, ਉਹ ਨਿਵੇਸ਼ ਖਿੱਚਦਾ ਹੈ; ਜਿਸ ਕੋਲ ਉੱਚ ਗੁਣਵੱਤਾ ਵਾਲੀ ਪੈਦਾਵਾਰ ਹੈ, ਉਹ ਨਿਰਯਾਤ ਕਰਦਾ ਹੈ; ਜਿਸ ਕੋਲ ਤਕਨਾਲੋਜੀ ਹੈ, ਉਹ ਮੁੱਲ-ਵਾਧਾ ਲੜੀ ਨੂੰ ਪ੍ਰਭਾਵਿਤ ਕਰਦਾ ਹੈ। ਇਸੇ ਬਦਲਦੀ ਵਿਸ਼ਵ ਵਿਵਸਥਾ ਵਿੱਚ ਐਫ.ਟੀ.ਏ.—ਮੁਕਤ ਵਪਾਰ ਸਮਝੌਤਾ— ਭਾਰਤ ਦੀ ਆਰਥਿਕ ਅਤੇ ਵਿਦੇਸ਼ ਨੀਤੀ ਦਾ ਇੱਕ ਕੇਂਦਰੀ ਸਾਧਨ ਬਣਦਾ ਜਾ ਰਿਹਾ ਹੈ।

ਭਾਰਤ ਨੇ ਪਿਛਲੇ ਸਮੇਂ ਵਿੱਚ ਸੰਯੁਕਤ ਅਰਬ ਅਮੀਰਾਤ, ਆਸਟ੍ਰੇਲੀਆ ਅਤੇ ਯੂਰਪੀ ਮੁਕਤ ਵਪਾਰ ਸੰਘ ਸਮੇਤ ਕਈ ਭਾਈਵਾਲਾਂ ਨਾਲ ਵਪਾਰਕ ਸਮਝੌਤੇ ਕੀਤੇ ਹਨ ਅਤੇ ਹੁਣ ਯੂਰਪੀ ਸੰਘ, ਬਰਤਾਨੀਆ, ਨਿਊਜ਼ੀਲੈਂਡ ਆਦਿ ਨਾਲ ਵਪਾਰਕ ਸੰਬੰਧਾਂ ਨੂੰ ਨਵੀਂ ਦਿਸ਼ਾ ਦਿੱਤੀ ਜਾ ਰਹੀ ਹੈ। 2025-26 ਦਾ ਆਰਥਿਕ ਸਰਵੇਖਣ ਵੀ ਭਾਰਤ ਦੀ ਅਰਥਵਿਵਸਥਾ ਨੂੰ ਵਿਸ਼ਵ ਆਰਥਿਕ ਏਕੀਕਰਨ, ਨਿਰਮਾਣ ਖੇਤਰ ਦੀ ਮੁਕਾਬਲਾਤਮਕ ਸਮਰੱਥਾ ਅਤੇ ਮਜ਼ਬੂਤ ਖੇਤੀਬਾੜੀ ਨਾਲ ਜੋੜ ਕੇ ਦੇਖਦਾ ਹੈ।

ਪਰ ਸਵਾਲ ਇਹ ਹੈ—

ਕੀ ਐਫ.ਟੀ.ਏ. ਭਾਰਤ ਲਈ ਵਿਸ਼ਵ ਬਾਜ਼ਾਰ ਜਿੱਤਣ ਦਾ ਰਸਤਾ ਬਣੇਗਾ ਜਾਂ ਭਾਰਤੀ ਕਿਸਾਨ ਅਤੇ ਛੋਟਾ ਉਦਯੋਗ ਵਿਸ਼ਵ ਮੁਕਾਬਲੇ ਦੀ ਲਹਿਰ ਵਿੱਚ ਪਿੱਛੇ ਰਹਿ ਜਾਣਗੇ ?

ਇਸ ਸਵਾਲ ਦਾ ਜਵਾਬ ਨਾ ਤਾਂ ਸਿੱਧਾ ਹਾਂ ਹੈ ਅਤੇ ਨਾ ਹੀ ਨਹੀਂ।

ਅਸਲ ਜਵਾਬ ਹੈ—ਐਫ.ਟੀ.ਏ. ਆਪਣੇ ਆਪ ਵਿੱਚ ਨਾ ਵਰਦਾਨ ਹੈ, ਨਾ ਸਰਾਪ। ਇਸ ਦੀਆਂ ਸ਼ਰਤਾਂ, ਸੁਰੱਖਿਆ ਪ੍ਰਬੰਧ, ਉਤਪਾਦਕ ਦੀ ਮੁਕਾਬਲਾਤਮਕ ਸਮਰੱਥਾ ਅਤੇ ਸਰਕਾਰ ਦੀ ਨੀਤੀ ਇਹ ਤੈਅ ਕਰੇਗੀ ਕਿ ਲਾਭ ਕਿਸ ਨੂੰ ਮਿਲਦਾ ਹੈ।

ਭਾਰਤ ਅੱਜ ਇੱਕ ਵਿਸ਼ਾਲ ਘਰੇਲੂ ਬਾਜ਼ਾਰ ਦੇ ਨਾਲ-ਨਾਲ ਵਿਸ਼ਵ ਉਤਪਾਦਨ ਅਤੇ ਸਪਲਾਈ ਲੜੀ ਦਾ ਹਿੱਸਾ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ। ਆਰਥਿਕ ਸਰਵੇਖਣ 2025-26 ਮੁਤਾਬਕ ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਦੇਸ਼ ਦੀ ਮੌਜੂਦਾ ਕੀਮਤਾਂ ’ਤੇ ਰਾਸ਼ਟਰੀ ਆਮਦਨ ਵਿੱਚ ਲਗਭਗ ਇੱਕ-ਪੰਜਵਾਂ ਹਿੱਸਾ ਪਾਉਂਦੀਆਂ ਹਨ, ਪਰ ਦੇਸ਼ ਦੀ ਕੰਮਕਾਜੀ ਆਬਾਦੀ ਦਾ ਲਗਭਗ 46.1 ਫ਼ੀਸਦੀ ਹਿੱਸਾ ਇਸ ਖੇਤਰ ਨਾਲ ਜੁੜਿਆ ਹੋਇਆ ਹੈ।

ਇਸ ਲਈ ਖੇਤੀ ਦੀ ਉਤਪਾਦਕਤਾ ਅਤੇ ਕਿਸਾਨੀ ਆਮਦਨ ਸਿਰਫ਼ ਖੇਤੀ ਦਾ ਮੁੱਦਾ ਨਹੀਂ—ਇਹ ਰਾਸ਼ਟਰੀ ਵਿਕਾਸ ਅਤੇ ਸਮਾਜਿਕ ਸਥਿਰਤਾ ਦਾ ਮੁੱਦਾ ਹੈ। ਦੂਜੇ ਪਾਸੇ, ਭਾਰਤ ਦਾ ਸੇਵਾ ਖੇਤਰ ਰਾਸ਼ਟਰੀ ਆਮਦਨ ਦਾ ਸਭ ਤੋਂ ਮਜ਼ਬੂਤ ਵਿਕਾਸ ਇੰਜਣ ਬਣ ਚੁੱਕਾ ਹੈ ਅਤੇ ਭਾਰਤ ਵਿਸ਼ਵ ਪੱਧਰ ’ਤੇ ਸੇਵਾਵਾਂ ਦਾ ਵੱਡਾ ਨਿਰਯਾਤਕ ਹੈ। ਆਰਥਿਕ ਸਰਵੇਖਣ ਅਨੁਸਾਰ ਭਾਰਤ ਦਾ ਵਿਸ਼ਵ ਸੇਵਾ ਵਪਾਰ ਵਿੱਚ ਹਿੱਸਾ 2005 ਦੇ ਲਗਭਗ 2 ਫ਼ੀਸਦੀ ਤੋਂ ਵਧ ਕੇ 2024 ਵਿੱਚ 4.3 ਫ਼ੀਸਦੀ ਹੋ ਗਿਆ ਹੈ।

ਇਸ ਲਈ ਭਾਰਤ ਦੀ ਮੁਕਤ ਵਪਾਰ ਸਮਝੌਤਾ ਨੀਤੀ ਦਾ ਮਕਸਦ ਕੇਵਲ ਆਯਾਤ ਕੀਤੀਆਂ ਵਸਤੂਆਂ ਨੂੰ ਸਸਤਾ ਕਰਨਾ ਨਹੀਂ ਹੋਣਾ ਚਾਹੀਦਾ। ਮਕਸਦ ਹੋਣਾ ਚਾਹੀਦਾ ਹੈ—

ਭਾਰਤ ਦੇ ਕਿਸਾਨ, ਮਜ਼ਦੂਰ, ਛੋਟੇ-ਦਰਮਿਆਨੇ ਉਦਯੋਗ, ਨਿਰਮਾਤਾ ਅਤੇ ਸੇਵਾ ਪ੍ਰਦਾਤਾ ਨੂੰ ਦੁਨੀਆ ਦੇ ਬਾਜ਼ਾਰ ਨਾਲ ਜੋੜਨਾ।

ਭਾਰਤ ਅਤੇ ਨਿਊਜ਼ੀਲੈਂਡ ਨੇ ਦਸੰਬਰ 2025 ਵਿੱਚ ਮੁਕਤ ਵਪਾਰ ਸਮਝੌਤੇ ਲਈ ਗੱਲਬਾਤ ਪੂਰੀ ਕੀਤੀ। ਸਰਕਾਰੀ ਜਾਣਕਾਰੀ ਅਨੁਸਾਰ ਨਿਊਜ਼ੀਲੈਂਡ ਨੇ ਭਾਰਤੀ ਨਿਰਯਾਤ ਲਈ 100 ਫ਼ੀਸਦੀ ਟੈਰਿਫ਼ ਸ਼੍ਰੇਣੀਆਂ ’ਤੇ ਸ਼ੁਲਕ-ਮੁਕਤ ਬਾਜ਼ਾਰ ਪਹੁੰਚ ਦੀ ਪੇਸ਼ਕਸ਼ ਕੀਤੀ, ਜਦਕਿ ਭਾਰਤ ਨੇ 70 ਫ਼ੀਸਦੀ ਟੈਰਿਫ਼ ਸ਼੍ਰੇਣੀਆਂ ਨੂੰ ਉਦਾਰ ਬਣਾਉਣ ਦੀ ਪੇਸ਼ਕਸ਼ ਕੀਤੀ, ਜੋ ਦੋਵੇਂ ਦੇਸ਼ਾਂ ਦੇ ਦੁਵੱਲੇ ਵਪਾਰ ਦਾ ਲਗਭਗ 95 ਫ਼ੀਸਦੀ ਹਿੱਸਾ ਕਵਰ ਕਰਦੀ ਹੈ।

ਭਾਰਤ ਨੇ ਦੁੱਧ ਅਤੇ ਦੁੱਧ ਤੋਂ ਬਣੇ ਉਤਪਾਦਾਂ ਸਮੇਤ ਕਈ ਸੰਵੇਦਨਸ਼ੀਲ ਖੇਤੀ ਉਤਪਾਦਾਂ ਨੂੰ ਬਾਜ਼ਾਰ ਪਹੁੰਚ ਤੋਂ ਬਾਹਰ ਰੱਖਿਆ ਹੈ।

ਇਸਦਾ ਮਤਲਬ ਹੈ ਕਿ ਮੁਕਤ ਵਪਾਰ ਸਮਝੌਤੇ ਵਿੱਚ ਮੁਕਤ ਵਪਾਰ ਦਾ ਅਰਥ ਹਮੇਸ਼ਾ ਹਰ ਚੀਜ਼ ’ਤੇ ਸ਼ੂਨਯ ਦਰਾਮਦ ਸ਼ੁਲਕ ਨਹੀਂ ਹੁੰਦਾ।

ਸਰਕਾਰ ਸੰਵੇਦਨਸ਼ੀਲ ਖੇਤਰਾਂ ਲਈ ਬਾਹਰ ਰੱਖਣ ਦੀ ਵਿਵਸਥਾ, ਆਯਾਤ ਕੋਟਾ, ਘੱਟੋ-ਘੱਟ ਆਯਾਤ ਕੀਮਤ, ਸੁਰੱਖਿਆ ਪ੍ਰਬੰਧ ਅਤੇ ਨਿਰਧਾਰਤ ਕੋਟੇ ਅੰਦਰ ਸ਼ੁਲਕ ਦਰ ਵਰਗੇ ਸਾਧਨ ਵਰਤ ਸਕਦੀ ਹੈ।

ਨਿਊਜ਼ੀਲੈਂਡ ਸਮਝੌਤੇ ਵਿੱਚ ਸੇਬ, ਕੀਵੀ ਫਲ ਅਤੇ ਸ਼ਹਿਦ ਲਈ ਉਤਪਾਦਕਤਾ ਵਧਾਉਣ ਵਾਲੇ ਸਹਿਯੋਗ ਦੇ ਨਾਲ ਸੀਮਤ ਬਾਜ਼ਾਰ ਪਹੁੰਚ, ਕੋਟੇ ਅਤੇ ਘੱਟੋ-ਘੱਟ ਆਯਾਤ ਕੀਮਤ ਵਰਗੇ ਸੁਰੱਖਿਆ ਪ੍ਰਬੰਧਾਂ ਦਾ ਵੀ ਜ਼ਿਕਰ ਹੈ।

ਇਹੀ ਮਾਡਲ ਭਾਰਤੀ ਕਿਸਾਨੀ ਲਈ ਸਭ ਤੋਂ ਮਹੱਤਵਪੂਰਨ ਸਬਕ ਹੈ।

ਭਾਰਤ ਲਈ ਕਣਕ, ਚੌਲ, ਮੱਕੀ, ਦਾਲਾਂ ਅਤੇ ਤੇਲ ਬੀਜ ਸਿਰਫ਼ ਵਪਾਰਕ ਵਸਤੂਆਂ ਨਹੀਂ ਹਨ।

ਇਹ ਖੁਰਾਕ ਸੁਰੱਖਿਆ, ਪੇਂਡੂ ਰੁਜ਼ਗਾਰ ਅਤੇ ਰਾਸ਼ਟਰੀ ਸਥਿਰਤਾ ਨਾਲ ਜੁੜੇ ਹੋਏ ਹਨ।

ਜੇ ਮੁਕਤ ਵਪਾਰ ਸਮਝੌਤੇ ਰਾਹੀਂ ਸਸਤਾ ਦਰਾਮਦੀ ਅਨਾਜ ਜਾਂ ਖੇਤੀ ਉਤਪਾਦ ਭਾਰਤੀ ਬਾਜ਼ਾਰ ਵਿੱਚ ਵੱਡੇ ਪੱਧਰ ’ਤੇ ਦਾਖ਼ਲ ਹੁੰਦਾ ਹੈ ਤਾਂ ਥੋੜ੍ਹੇ ਸਮੇਂ ਵਿੱਚ ਖਪਤਕਾਰ ਨੂੰ ਫਾਇਦਾ ਹੋ ਸਕਦਾ ਹੈ।

ਪਰ ਜੇ ਦਰਾਮਦੀ ਕੀਮਤ ਘਰੇਲੂ ਉਤਪਾਦਨ ਲਾਗਤ ਤੋਂ ਲਗਾਤਾਰ ਘੱਟ ਰਹੇ ਤਾਂ—

ਕਿਸਾਨ ? ਘੱਟ ਕੀਮਤ ? ਘੱਟ ਰਕਬਾ ? ਘੱਟ ਨਿਵੇਸ਼ ? ਘੱਟ ਉਤਪਾਦਨ ? ਵੱਧ ਦਰਾਮਦ ਨਿਰਭਰਤਾ ਦਾ ਚੱਕਰ ਬਣ ਸਕਦਾ ਹੈ।

ਇਸ ਲਈ ਭਵਿੱਖ ਦੀ ਮੁਕਤ ਵਪਾਰ ਨੀਤੀ ਵਿੱਚ ਖੁਰਾਕ ਸੁਰੱਖਿਆ ਨੂੰ ਵਪਾਰਕ ਸ਼ੁਲਕ ਨੀਤੀ ਤੋਂ ਉੱਪਰ ਰਾਸ਼ਟਰੀ ਰਣਨੀਤਕ ਹਿੱਤ ਮੰਨਣਾ ਪਵੇਗਾ। ਪੰਜਾਬ ਸਮੇਤ ਭਾਰਤ ਵਿੱਚ ਸਬਜ਼ੀਆਂ, ਫਲ, ਦੁੱਧ, ਸ਼ਹਿਦ, ਬਾਗਬਾਨੀ ਅਤੇ ਤਿਆਰ ਕੀਤੇ ਖੁਰਾਕੀ ਉਤਪਾਦਾਂ ਲਈ ਮੁਕਤ ਵਪਾਰ ਸਮਝੌਤਾ ਇੱਕ ਵੱਡਾ ਮੌਕਾ ਬਣ ਸਕਦਾ ਹੈ।

ਪਰ ਇੱਥੇ ਇੱਕ ਬੁਨਿਆਦੀ ਸਮੱਸਿਆ ਹੈ—

ਅਸੀਂ ਅਜੇ ਵੀ ਬਹੁਤ ਸਾਰੀ ਖੇਤੀ ਨੂੰ ਕੱਚੇ ਉਤਪਾਦ ਵਜੋਂ ਵੇਚਦੇ ਹਾਂ।

ਦੂਜੇ ਪਾਸੇ ਵਿਸ਼ਵ ਬਾਜ਼ਾਰ ਵਿੱਚ ਸਭ ਤੋਂ ਵੱਧ ਮੁੱਲ ਮਿਲਦਾ ਹੈ—

* ਤਿਆਰ ਕੀਤੇ ਖੁਰਾਕੀ ਉਤਪਾਦ
* ਜੰਮੀਆਂ ਹੋਈਆਂ ਸਬਜ਼ੀਆਂ
* ਸੁਕਾਈਆਂ ਹੋਈਆਂ ਸਬਜ਼ੀਆਂ
* ਫਲਾਂ ਦੀ ਗੁੱਦੀ
* ਫਲਾਂ ਦੇ ਰਸ ਦੇ ਸੰਘਣੇ ਪਦਾਰਥ
* ਪੈਕ ਕੀਤੇ ਖੁਰਾਕੀ ਉਤਪਾਦ
* ਸਿਹਤ-ਵਰਧਕ ਖੁਰਾਕੀ ਪਦਾਰਥਾਂ ਦੇ ਕੱਚੇ ਤੱਤ
* ਤਿਆਰ-ਖਾਣ ਯੋਗ ਉਤਪਾਦ
* ਬ੍ਰਾਂਡ ਵਾਲੇ ਖੇਤੀ ਉਤਪਾਦ

ਨਿਊਜ਼ੀਲੈਂਡ ਸਮਝੌਤੇ ਵਿੱਚ ਸੇਬ, ਕੀਵੀ ਫਲ ਅਤੇ ਸ਼ਹਿਦ ਲਈ ਖੇਤੀ ਉਤਪਾਦਕਤਾ ਸਹਿਯੋਗ ਦਾ ਪ੍ਰਬੰਧ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਮੁਕਤ ਵਪਾਰ ਸਮਝੌਤੇ ਸਿਰਫ਼ ਸ਼ੁਲਕ ਘਟਾਉਣ ਤੱਕ ਸੀਮਿਤ ਨਹੀਂ ਰਹਿਣਗੇ; ਤਕਨਾਲੋਜੀ, ਉਤਪਾਦਕਤਾ, ਗੁਣਵੱਤਾ ਅਤੇ ਮੁੱਲ-ਵਾਧਾ ਲੜੀ ਨਾਲ ਜੁੜਿਆ ਸਹਿਯੋਗ ਵੀ ਇਸ ਦਾ ਹਿੱਸਾ ਹੋਵੇਗਾ।

ਪੰਜਾਬ ਦੀ ਸਭ ਤੋਂ ਵੱਡੀ ਤਾਕਤ—ਇਸ ਦੀ ਖੇਤੀ—ਅੱਜ ਇਸ ਦੀ ਸਭ ਤੋਂ ਵੱਡੀ ਢਾਂਚਾਗਤ ਚੁਣੌਤੀ ਵੀ ਬਣ ਚੁੱਕੀ ਹੈ।

ਧਾਨ-ਕਣਕ ਦਾ ਚੱਕਰ, ਧਰਤੀ ਹੇਠਲੇ ਪਾਣੀ ਦੀ ਕਮੀ, ਵਧ ਰਹੀਆਂ ਖੇਤੀ ਲਾਗਤਾਂ, ਮਜ਼ਦੂਰੀ ਦੀ ਲਾਗਤ ਅਤੇ ਸੀਮਤ ਮੁੱਲ-ਵਾਧਾ ਪੰਜਾਬੀ ਕਿਸਾਨ ਨੂੰ ਇੱਕ ਨਵੇਂ ਆਰਥਿਕ ਮਾਡਲ ਦੀ ਮੰਗ ਵੱਲ ਧੱਕ ਰਹੇ ਹਨ।

ਇਸੇ ਥਾਂ ਐਫ.ਟੀ.ਏ. ਨੂੰ ਖ਼ਤਰਾ ਨਹੀਂ, ਢਾਂਚਾਗਤ ਤਬਦੀਲੀ ਦਾ ਮੌਕਾ ਬਣਾਇਆ ਜਾ ਸਕਦਾ ਹੈ।

ਪਰ ਇਸ ਲਈ ਪੰਜਾਬ ਨੂੰ—

ਕਣਕ-ਝੋਨਾ ਪੈਦਾ ਕਰਨ ਵਾਲੇ ਸੂਬੇ ਤੋਂ ਵਿਸ਼ਵ ਖੁਰਾਕ-ਪ੍ਰੋਸੈਸਿੰਗ ਅਤੇ ਖੇਤੀ ਨਿਰਯਾਤ ਕੇਂਦਰ ਵੱਲ ਜਾਣਾ ਪਵੇਗਾ।

ਭਵਿੱਖ ਦਾ ਪੰਜਾਬੀ ਕਿਸਾਨ ਸਿਰਫ਼ ਕਣਕ ਅਤੇ ਝੋਨੇ ਦਾ ਉਤਪਾਦਕ ਨਹੀਂ ਹੋਣਾ ਚਾਹੀਦਾ।

ਉਸਨੂੰ ਬਣਨਾ ਪਵੇਗਾ—

ਉਤਪਾਦਕ + ਪ੍ਰੋਸੈਸਰ + ਆਪਣਾ ਬ੍ਰਾਂਡ ਬਣਾਉਣ ਵਾਲਾ + ਨਿਰਯਾਤਕ

ਇਸ ਲਈ ਸਮਝੌਤਾ-ਆਧਾਰਿਤ ਖੇਤੀ ਦੇ ਪਾਰਦਰਸ਼ੀ ਮਾਡਲ, ਕਿਸਾਨ ਉਤਪਾਦਕ ਸੰਗਠਨ, ਠੰਢਾ ਭੰਡਾਰਣ ਲੜੀ, ਦਰਜਾਬੰਦੀ, ਪੈਕਿੰਗ, ਜਾਂਚ ਪ੍ਰਯੋਗਸ਼ਾਲਾਵਾਂ, ਉਤਪਾਦ ਦੀ ਪੂਰੀ ਪਛਾਣਯੋਗਤਾ ਅਤੇ ਨਿਰਯਾਤ ਪ੍ਰਮਾਣੀਕਰਨ ਦੀ ਲੋੜ ਹੈ।

ਜੇ 100 ਕਿਸਾਨ ਆਪਣੀ ਫ਼ਸਲ ਵੱਖ-ਵੱਖ ਵੇਚਦੇ ਹਨ ਤਾਂ ਉਹ ਸਿਰਫ਼ ਵਸਤੂ ਵਿਕਰੇਤਾ ਹਨ।

ਜੇ ਉਹ ਇਕੱਠੇ ਹੋ ਕੇ ਸਫ਼ਾਈ, ਦਰਜਾਬੰਦੀ, ਪ੍ਰੋਸੈਸਿੰਗ, ਪੈਕਿੰਗ ਅਤੇ ਬ੍ਰਾਂਡਿੰਗ ਕਰਕੇ ਨਿਰਯਾਤ ਕਰਦੇ ਹਨ ਤਾਂ ਉਹ ਮੁੱਲ-ਵਾਧਾ ਲੜੀ ਦੇ ਸਰਗਰਮ ਹਿੱਸੇਦਾਰ ਬਣ ਜਾਂਦੇ ਹਨ।

ਅਸਲ ਐਫ.ਟੀ.ਏ. ਲਾਭ ਇੱਥੇ ਪੈਦਾ ਹੁੰਦਾ ਹੈ।

ਐਫ.ਟੀ.ਏ. ਦਾ ਇੱਕ ਅਣਗੌਲਿਆ ਪੱਖ ਖੇਤੀ ਮਸ਼ੀਨਰੀ ਹੈ।

ਜੇ ਵਿਦੇਸ਼ੀ ਨਿਰਮਾਤਾ ਭਾਰਤ ਵਿੱਚ ਆਉਂਦੇ ਹਨ ਅਤੇ ਆਧੁਨਿਕ ਮਸ਼ੀਨਰੀ ਸਸਤੀ ਜਾਂ ਆਸਾਨੀ ਨਾਲ ਉਪਲਬਧ ਹੁੰਦੀ ਹੈ ਤਾਂ ਪੰਜਾਬ ਵਿੱਚ—

* ਸੂਖਮ ਅਤੇ ਸਟੀਕ ਖੇਤੀ
* ਲੇਜ਼ਰ ਜ਼ਮੀਨ ਸਮਤਲੀਕਰਨ
* ਖੇਤੀ ਡਰੋਨ
* ਸਮਾਰਟ ਸਿੰਚਾਈ
* ਆਧੁਨਿਕ ਕਟਾਈ ਮਸ਼ੀਨਾਂ
* ਖੇਤੀ ਰੋਬੋਟਿਕਸ
* ਕਟਾਈ ਤੋਂ ਬਾਅਦ ਦੀ ਮਸ਼ੀਨਰੀ
* ਖੁਰਾਕ ਪ੍ਰੋਸੈਸਿੰਗ ਮਸ਼ੀਨਰੀ

ਦੀ ਵਰਤੋਂ ਵਧ ਸਕਦੀ ਹੈ।

ਪਰ ਦੂਜਾ ਪੱਖ ਵੀ ਹੈ।

ਜੇ ਦਰਾਮਦੀ ਮਸ਼ੀਨਰੀ ਭਾਰਤੀ ਨਿਰਮਾਤਾਵਾਂ ਨੂੰ ਬਿਨਾਂ ਤਿਆਰੀ ਦੇ ਮੁਕਾਬਲੇ ਵਿੱਚ ਲਿਆਉਂਦੀ ਹੈ ਤਾਂ ਲੁਧਿਆਣਾ, ਜਲੰਧਰ, ਮੰਡੀ ਗੋਬਿੰਦਗੜ੍ਹ, ਬਟਾਲਾ ਅਤੇ ਹੋਰ ਉਦਯੋਗਿਕ ਕੇਂਦਰਾਂ ਦੇ ਛੋਟੇ ਨਿਰਮਾਤਾ ਦਬਾਅ ਹੇਠ ਆ ਸਕਦੇ ਹਨ।

ਇਸ ਲਈ ਐਫ.ਟੀ.ਏ. ਦੇ ਨਾਲ ਘਰੇਲੂ ਨਿਰਮਾਣ ਨੀਤੀ ਵੀ ਇਕੱਠੀ ਚੱਲਣੀ ਚਾਹੀਦੀ ਹੈ।

ਐਫ.ਟੀ.ਏ. ਦਾ ਪ੍ਰਭਾਵ ਖੇਤ ਤੱਕ ਸੀਮਿਤ ਨਹੀਂ ਰਹੇਗਾ। ਇਹ ਸ਼ਹਿਰਾਂ ਦੀ ਅਰਥਵਿਵਸਥਾ ਨੂੰ ਵੀ ਬਦਲੇਗਾ।

ਪੰਜਾਬ ਵਿੱਚ ਛੋਟੇ ਅਤੇ ਦਰਮਿਆਨੇ ਉਦਯੋਗਾਂ ਦਾ ਤੰਤਰ ਬਹੁਤ ਵੱਡਾ ਹੈ। ਸਰਕਾਰੀ ਦਸਤਾਵੇਜ਼ਾਂ ਵਿੱਚ 3.5 ਲੱਖ ਤੋਂ ਵੱਧ ਛੋਟੇ ਅਤੇ ਦਰਮਿਆਨੇ ਉਦਯੋਗਿਕ ਇਕਾਈਆਂ ਦਾ ਹਵਾਲਾ ਮਿਲਦਾ ਹੈ।

ਜੇ ਐਫ.ਟੀ.ਏ. ਨਿਰਯਾਤ ਵਧਾਉਂਦਾ ਹੈ ਤਾਂ ਲੁਧਿਆਣਾ ਦਾ ਕੱਪੜਾ ਅਤੇ ਪਹਿਰਾਵਾ ਉਦਯੋਗ, ਜਲੰਧਰ ਦੇ ਖੇਡ ਸਾਮਾਨ, ਇੰਜੀਨੀਅਰਿੰਗ ਉਦਯੋਗ, ਵਾਹਨ-ਪੁਰਜ਼ੇ, ਸਾਈਕਲ ਉਦਯੋਗ, ਮਸ਼ੀਨ ਨਿਰਮਾਣ ਅਤੇ ਖੁਰਾਕ ਪ੍ਰੋਸੈਸਿੰਗ ਇਕਾਈਆਂ ਨੂੰ ਨਵੇਂ ਬਾਜ਼ਾਰ ਮਿਲ ਸਕਦੇ ਹਨ।

ਪਰ ਜੇ ਭਾਰਤੀ ਛੋਟੇ ਅਤੇ ਦਰਮਿਆਨੇ ਉਦਯੋਗ ਗੁਣਵੱਤਾ, ਪ੍ਰਮਾਣੀਕਰਨ, ਉਤਪਾਦਨ ਪੱਧਰ, ਆਵਾਜਾਈ ਅਤੇ ਕੀਮਤ ਦੇ ਮਾਮਲੇ ਵਿੱਚ ਵਿਸ਼ਵ ਮੁਕਾਬਲੇ ਨਾਲ ਨਹੀਂ ਨਿਭ ਸਕੇ ਤਾਂ ਇਹੀ ਸਮਝੌਤਾ ਉਲਟ ਪ੍ਰਭਾਵ ਵੀ ਪੈਦਾ ਕਰ ਸਕਦਾ ਹੈ।

ਐਫ.ਟੀ.ਏ. ਦਾ ਅਸਲ ਜੇਤੂ ਉਹੀ ਹੋਵੇਗਾ ਜੋ ਵਿਸ਼ਵ ਪੱਧਰ ’ਤੇ ਮੁਕਾਬਲਾ ਕਰਨ ਦੇ ਯੋਗ ਹੋਵੇਗਾ।

ਵੱਡੀ ਬਹੁ-ਰਾਸ਼ਟਰੀ ਕੰਪਨੀ ਲਈ ਅੰਤਰਰਾਸ਼ਟਰੀ ਪ੍ਰਮਾਣੀਕਰਨ, ਜਾਂਚ, ਆਵਾਜਾਈ ਅਤੇ ਨਿਯਮਾਂ ਦੀ ਪਾਲਣਾ ਦੀ ਲਾਗਤ ਸੰਭਾਲਣਯੋਗ ਹੋ ਸਕਦੀ ਹੈ। ਪਰ ਇੱਕ ਛੋਟੀ ਫੈਕਟਰੀ ਲਈ ਇਹੀ ਖਰਚਾ ਉਸ ਦੀ ਮੁਕਾਬਲਾਤਮਕ ਸਮਰੱਥਾ ਖਤਮ ਕਰ ਸਕਦਾ ਹੈ।

ਇਸ ਲਈ ਐਫ.ਟੀ.ਏ. ਦੇ ਨਾਲ ਸਰਕਾਰ ਨੂੰ ਛੋਟੇ ਅਤੇ ਦਰਮਿਆਨੇ ਉਦਯੋਗਾਂ ਲਈ—

* ਸਾਂਝੇ ਜਾਂਚ ਕੇਂਦਰ
* ਸਾਂਝੀਆਂ ਪ੍ਰੋਸੈਸਿੰਗ ਸਹੂਲਤਾਂ
* ਨਿਰਯਾਤ ਪ੍ਰਮਾਣੀਕਰਨ ਸਹਾਇਤਾ
* ਸਸਤੀ ਕਾਰਜਕਾਰੀ ਪੂੰਜੀ
* ਤਕਨਾਲੋਜੀ ਅਪਗ੍ਰੇਡ ਕਰਨ ਦੀ ਸਹਾਇਤਾ
* ਆਵਾਜਾਈ ਅਤੇ ਭੰਡਾਰਣ ਸਹਾਇਤਾ
* ਡਿਜ਼ੀਟਲ ਨਿਰਯਾਤ ਮੰਚ

ਉਪਲਬਧ ਕਰਵਾਉਣੇ ਪੈਣਗੇ।

ਨਹੀਂ ਤਾਂ ਐਫ.ਟੀ.ਏ. ਕਾਗਜ਼ ’ਤੇ ਮੁਕਤ ਵਪਾਰ ਹੋਵੇਗਾ, ਪਰ ਜ਼ਮੀਨੀ ਹਕੀਕਤ ਵਿੱਚ ਅਸਮਾਨ ਮੁਕਾਬਲਾ।

ਭਾਰਤ ਹੁਣ ਸਿਰਫ਼ ਕੂਟਨੀਤਕ ਸੰਬੰਧ ਨਹੀਂ ਬਣਾ ਰਿਹਾ; ਉਹ ਆਰਥਿਕ ਭਾਈਵਾਲੀ ਨੂੰ ਵਿਦੇਸ਼ ਨੀਤੀ ਦੇ ਰਣਨੀਤਕ ਸਾਧਨ ਵਜੋਂ ਵਰਤ ਰਿਹਾ ਹੈ।

ਇਹ ਹਿੰਦ-ਪ੍ਰਸ਼ਾਂਤ ਖੇਤਰ, ਯੂਰਪ, ਖਾੜੀ ਦੇਸ਼ਾਂ ਅਤੇ ਵਿਕਸਿਤ ਅਰਥਵਿਵਸਥਾਵਾਂ ਨਾਲ ਭਾਰਤ ਦੇ ਵਧਦੇ ਆਰਥਿਕ ਏਕੀਕਰਨ ਦਾ ਹਿੱਸਾ ਹੈ।

ਭਾਰਤ ਲਈ ਐਫ.ਟੀ.ਏ. ਦਾ ਮਤਲਬ ਹੁਣ ਕੇਵਲ ਨਿਰਯਾਤ-ਦਰਾਮਦ ਨਹੀਂ।ਸਗੋਂ ਬਾਜ਼ਾਰ ਤੱਕ ਪਹੁੰਚ + ਨਿਵੇਸ਼ + ਤਕਨਾਲੋਜੀ + ਸਪਲਾਈ ਲੜੀਆਂ + ਹੁਨਰਮੰਦ ਮਨੁੱਖੀ ਸਰੋਤਾਂ ਦੀ ਆਵਾਜਾਈ + ਭੂ-ਰਾਜਨੀਤੀ ਹੈ।

ਨਿਊਜ਼ੀਲੈਂਡ ਸਮਝੌਤੇ ਵਿੱਚ ਵਪਾਰ ਦੇ ਨਾਲ ਨਿਵੇਸ਼ ਅਤੇ ਹੁਨਰਮੰਦ ਮਨੁੱਖੀ ਸਰੋਤਾਂ ਦੀ ਆਵਾਜਾਈ ਨੂੰ ਵੀ ਜੋੜਿਆ ਗਿਆ ਹੈ। ਨਿਊਜ਼ੀਲੈਂਡ ਵੱਲੋਂ ਅਗਲੇ 15 ਸਾਲਾਂ ਵਿੱਚ ਭਾਰਤ ਵਿੱਚ 20 ਅਰਬ ਅਮਰੀਕੀ ਡਾਲਰ ਦਾ ਨਿਵੇਸ਼ ਸੁਗਮ ਕਰਨ ਦੀ ਵਚਨਬੱਧਤਾ ਦਾ ਵੀ ਸਰਕਾਰੀ ਐਲਾਨ ਕੀਤਾ ਗਿਆ ਹੈ।ਇਹ ਦੱਸਦਾ ਹੈ ਕਿ ਨਵੇਂ ਯੁੱਗ ਦੇ ਐਫ.ਟੀ.ਏ. ਸਿਰਫ਼ ਸੀਮਾ-ਸ਼ੁਲਕ ਸਮਝੌਤੇ ਨਹੀਂ ਰਹੇ।

ਭਾਰਤ ਦੀ ਸੇਵਾ ਅਰਥਵਿਵਸਥਾ ਪਹਿਲਾਂ ਹੀ ਵਿਸ਼ਵ ਪੱਧਰ ’ਤੇ ਮੁਕਾਬਲਾਤਮਕ ਹੈ। ਲੇਕਿਨ ਸੇਵਾਵਾਂ ਦੀ ਤਰ੍ਹਾਂ ਨਿਰਮਾਣ ਅਤੇ ਖੇਤੀ ਨੂੰ ਵੀ ਵਿਸ਼ਵ ਪੱਧਰ ’ਤੇ ਮੁਕਾਬਲਾਤਮਕ ਬਣਾਉਣਾ ਹੁਣ ਚੁਣੌਤੀ ਹੈ।

ਆਰਥਿਕ ਸਰਵੇਖਣ 2025-26 ਨਿਰਮਾਣ ਖੇਤਰ ਨੂੰ ਢਾਂਚਾਗਤ ਤਬਦੀਲੀ ਅਤੇ ਵਿਸ਼ਵ ਆਰਥਿਕ ਏਕੀਕਰਨ ਨਾਲ ਜੋੜਦਾ ਹੈ।

ਜੇ ਐਫ.ਟੀ.ਏ. ਰਾਹੀਂ ਭਾਰਤ ਨੂੰ ਵੱਡੇ ਵਿਕਸਿਤ ਬਾਜ਼ਾਰਾਂ ਵਿੱਚ ਸ਼ੁਲਕ ਲਾਭ ਮਿਲਦਾ ਹੈ ਅਤੇ ਘਰੇਲੂ ਨਿਰਮਾਤਾ ਉਤਪਾਦਨ ਦਾ ਪੱਧਰ ਵਧਾਉਂਦੇ ਹਨ ਤਾਂ

ਨਿਰਯਾਤ ? ਉਤਪਾਦਨ ? ਨਿਵੇਸ਼ ? ਰੁਜ਼ਗਾਰ ? ਆਮਦਨ ? ਖਪਤ ? ਆਰਥਿਕ ਵਿਕਾਸ ਦਾ ਸਕਾਰਾਤਮਕ ਚੱਕਰ ਬਣ ਸਕਦਾ ਹੈ।

ਇਹ ਐਫ.ਟੀ.ਏ. ਦਾ ਸਭ ਤੋਂ ਵੱਡਾ ਸੰਭਾਵੀ ਲਾਭ ਹੈ।

ਜੇ ਭਾਰਤ ਆਪਣਾ ਬਾਜ਼ਾਰ ਤੇਜ਼ੀ ਨਾਲ ਖੋਲ੍ਹ ਦੇਵੇ ਪਰ ਭਾਰਤੀ ਉਤਪਾਦਕਾਂ ਨੂੰ ਬੁਨਿਆਦੀ ਢਾਂਚੇ, ਸਸਤੇ ਕਰਜ਼ੇ, ਬਿਜਲੀ, ਆਵਾਜਾਈ, ਤਕਨਾਲੋਜੀ ਅਤੇ ਗੁਣਵੱਤਾ ਮਾਪਦੰਡਾਂ ਵਿੱਚ ਮੁਕਾਬਲਾਤਮਕ ਸਮਰੱਥਾ ਨਾ ਮਿਲੇ ਤਾਂ ਦਰਾਮਦ ਵਧੇਗੀ, ਘਰੇਲੂ ਉਤਪਾਦਨ ਦਬੇਗਾ ਅਤੇ ਵਪਾਰਕ ਘਾਟੇ ਦਾ ਦਬਾਅ ਵਧ ਸਕਦਾ ਹੈ।

ਇਸ ਲਈ ਹਰ ਐਫ.ਟੀ.ਏ. ਤੋਂ ਪਹਿਲਾਂ ਇੱਕ ਸਵਾਲ ਪੁੱਛਿਆ ਜਾਣਾ ਚਾਹੀਦਾ ਹੈ—

ਅਸੀਂ ਕਿੰਨਾ ਦਰਾਮਦ ਕਰਾਂਗੇ ? ਤੋਂ ਪਹਿਲਾਂ ਅਸੀਂ ਕਿੰਨਾ ਨਿਰਯਾਤ ਕਰ ਸਕਾਂਗੇ ?

ਪੰਜਾਬ ਲਈ ਸਭ ਤੋਂ ਵੱਡਾ ਖ਼ਤਰਾ—ਕੱਚੇ ਮਾਲ ਦੀ ਅਰਥਵਿਵਸਥਾ ਵਿੱਚ ਫਸੇ ਰਹਿਣਾ

ਜੇ ਪੰਜਾਬ ਕਿਸਾਨ ਤੋਂ ਸਿਰਫ਼ ਕਣਕ, ਚੌਲ, ਮੱਕੀ, ਕਪਾਹ, ਦੁੱਧ ਅਤੇ ਸਬਜ਼ੀਆਂ ਖਰੀਦ ਕੇ ਕੱਚੇ ਰੂਪ ਵਿੱਚ ਬਾਹਰ ਭੇਜਦਾ ਰਹੇਗਾ ਤਾਂ ਮੁੱਲ-ਵਾਧਾ ਕਿਸੇ ਹੋਰ ਦੇਸ਼ ਜਾਂ ਸ਼ਹਿਰ ਵਿੱਚ ਹੋਵੇਗਾ।

ਲੇਕਿਨ ਜੇ ਪੰਜਾਬ ਕਿਸਾਨ ? ਕਿਸਾਨ ਸੰਗਠਨ ? ਪ੍ਰੋਸੈਸਿੰਗ ? ਪੈਕਿੰਗ ? ਬ੍ਰਾਂਡਿੰਗ ? ਪ੍ਰਮਾਣੀਕਰਨ ? ਨਿਰਯਾਤ ਦਾ ਪੂਰਾ ਤੰਤਰ ਬਣਾਉਂਦਾ ਹੈ ਤਾਂ ਇੱਕੋ ਉਤਪਾਦ ਤੋਂ ਕਿਸਾਨ, ਪ੍ਰੋਸੈਸਰ, ਆਵਾਜਾਈ ਕਾਰੋਬਾਰ, ਗੋਦਾਮ, ਮਜ਼ਦੂਰ ਅਤੇ ਨਿਰਯਾਤਕ—ਸਭ ਦੀ ਆਮਦਨ ਬਣ ਸਕਦੀ ਹੈ।

ਇਹੀ ਖੇਤ ਤੋਂ ਵਿਸ਼ਵ ਬਾਜ਼ਾਰ ਤੱਕ ਦੀ ਯਾਤਰਾ ਪੰਜਾਬ ਦਾ ਭਵਿੱਖ ਬਣ ਸਕਦੀ ਹੈ।

ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਪੰਜਾਬ ਵਿੱਚ ਕਿਸਾਨ ਅਤੇ ਸ਼ਹਿਰੀ ਉਦਯੋਗ ਦੋ ਵੱਖਰੀਆਂ ਅਰਥਵਿਵਸਥਾਵਾਂ ਨਹੀਂ ਹਨ।

ਕਿਸਾਨ ਦੀ ਆਮਦਨ ਘਟਦੀ ਹੈ ਤਾਂ ਟਰੈਕਟਰ ਵਿਕਰੇਤਾ, ਖਾਦ ਵਿਕਰੇਤਾ, ਮਸ਼ੀਨਰੀ ਨਿਰਮਾਤਾ, ਵਾਹਨ ਵਿਕਰੇਤਾ, ਨਿਰਮਾਣ ਮਜ਼ਦੂਰ, ਪ੍ਰਚੂਨ ਵਪਾਰੀ ਅਤੇ ਸੇਵਾ ਖੇਤਰ ਤੱਕ ਪ੍ਰਭਾਵ ਜਾਂਦਾ ਹੈ।

ਇਸੇ ਤਰ੍ਹਾਂ ਉਦਯੋਗਿਕ ਵਿਕਾਸ ਕਿਸਾਨ ਨੂੰ ਮਸ਼ੀਨਰੀ, ਪ੍ਰੋਸੈਸਿੰਗ ਅਤੇ ਤਕਨਾਲੋਜੀ ਦਿੰਦਾ ਹੈ।

ਇਸ ਲਈ ਪੰਜਾਬ ਦੀ ਪੇਂਡੂ ਅਰਥਵਿਵਸਥਾ ਅਤੇ ਸ਼ਹਿਰੀ ਅਰਥਵਿਵਸਥਾ ਇੱਕੋ ਆਰਥਿਕ ਲੜੀ ਦੇ ਦੋ ਸਿਰੇ ਹਨ।

ਐਫ.ਟੀ.ਏ. ਇਸ ਲੜੀ ਨੂੰ ਜਾਂ ਤਾਂ ਮਜ਼ਬੂਤ ਕਰ ਸਕਦਾ ਹੈ ਜਾਂ ਕਮਜ਼ੋਰ।

ਸਿਰਫ਼ ਐਫ.ਟੀ.ਏ. ਨਾਲ ਨਹੀਂ। ਕਿਸਾਨ ਦੀ ਆਮਦਨ ਉਸ ਵੇਲੇ ਵਧੇਗੀ ਜਦੋਂ—

1. ਉਸ ਨੂੰ ਵਿਸ਼ਵ ਬਾਜ਼ਾਰ ਦੀ ਕੀਮਤ ਦਾ ਲਾਭ ਮਿਲੇ;
2. ਕਟਾਈ ਤੋਂ ਬਾਅਦ ਹੋਣ ਵਾਲਾ ਨੁਕਸਾਨ ਘਟੇ;
3. ਪ੍ਰੋਸੈਸਿੰਗ ਤੋਂ ਪੈਦਾ ਹੋਣ ਵਾਲਾ ਵਾਧੂ ਮੁੱਲ ਉਸਦੇ ਨੇੜੇ ਬਣੇ;
4. ਕਿਸਾਨ ਸੰਗਠਨ ਜਾਂ ਸਹਿਕਾਰੀ ਸੰਸਥਾ ਉਸਦੀ ਸੌਦੇਬਾਜ਼ੀ ਦੀ ਤਾਕਤ ਵਧਾਏ;
5. ਨਿਰਯਾਤ ਦੇ ਗੁਣਵੱਤਾ ਮਾਪਦੰਡ ਪੂਰੇ ਹੋਣ;
6. ਫ਼ਸਲੀ ਵਿਭਿੰਨਤਾ ਵਧੇ;
7. ਪਾਣੀ ਬਚਾਉਣ ਵਾਲੀਆਂ ਫ਼ਸਲਾਂ ਨੂੰ ਮਜ਼ਬੂਤ ਬਾਜ਼ਾਰ ਮਿਲੇ;
8. ਬੀਮਾ ਅਤੇ ਕੀਮਤ-ਜੋਖ਼ਮ ਪ੍ਰਬੰਧਨ ਮਜ਼ਬੂਤ ਹੋਵੇ।

ਅਰਥਾਤ ਐਫ.ਟੀ.ਏ. ਇੱਕ ਦਰਵਾਜ਼ਾ ਹੈ; ਉਸ ਦਰਵਾਜ਼ੇ ਰਾਹੀਂ ਕਿਸਾਨ ਨੂੰ ਵਿਸ਼ਵ ਬਾਜ਼ਾਰ ਤੱਕ ਪਹੁੰਚਾਉਣ ਲਈ ਪੂਰਾ ਆਰਥਿਕ ਰਸਤਾ ਬਣਾਉਣਾ ਪਵੇਗਾ।

ਪੰਜਾਬ ਦਾ ਭਵਿੱਖ ਕੇਵਲ ਰਵਾਇਤੀ ਖੇਤੀ ਵਿੱਚ ਨਹੀਂ ਬਲਕਿ

* ਖੁਰਾਕ ਪ੍ਰੋਸੈਸਿੰਗ
* ਦੁੱਧ ਪ੍ਰੋਸੈਸਿੰਗ
* ਫਲ ਅਤੇ ਸਬਜ਼ੀ ਪ੍ਰੋਸੈਸਿੰਗ
* ਖੇਤੀ ਮਸ਼ੀਨਰੀ
* ਠੰਢਾ ਭੰਡਾਰਣ ਲੜੀ
* ਆਵਾਜਾਈ ਅਤੇ ਭੰਡਾਰਣ
* ਨਵਿਆਉਣਯੋਗ ਊਰਜਾ
* ਕੱਪੜਾ ਉਦਯੋਗ
* ਖੇਡ ਸਾਮਾਨ
* ਇੰਜੀਨੀਅਰਿੰਗ ਉਤਪਾਦ
* ਦਵਾਈ ਉਦਯੋਗ
* ਸੂਚਨਾ ਤਕਨਾਲੋਜੀ ਅਤੇ ਸੇਵਾਵਾਂ

ਵਿੱਚ ਹੈ। ਇਸ ਲਈ ਐਫ.ਟੀ.ਏ. ਨੂੰ ਪੰਜਾਬ ਲਈ ਖੇਤੀ ਵਿਭਿੰਨਤਾ + ਉਦਯੋਗੀਕਰਨ + ਨਿਰਯਾਤ ਰਣਨੀਤੀ ਦੇ ਤੌਰ ’ਤੇ ਦੇਖਣ ਦੀ ਲੋੜ ਹੈ।

ਹਰ ਨਵੇਂ ਐਫ.ਟੀ.ਏ. ਤੋਂ ਪਹਿਲਾਂ ਸਰਕਾਰ ਨੂੰ ਪੰਜਾਬ ਅਤੇ ਭਾਰਤ ਦੇ ਉਤਪਾਦਕਾਂ ਲਈ ਪੰਜ ਸਵਾਲਾਂ ਦਾ ਜਵਾਬ ਦੇਣਾ ਬਣਦਾ ਹੈ:

ਪਹਿਲਾ— ਕਿਹੜੇ ਭਾਰਤੀ ਉਤਪਾਦਾਂ ਨੂੰ ਨਵਾਂ ਨਿਰਯਾਤ ਬਾਜ਼ਾਰ ਮਿਲੇਗਾ ?

ਦੂਜਾ— ਕਿਹੜੇ ਘਰੇਲੂ ਖੇਤਰਾਂ ਨੂੰ ਦਰਾਮਦੀ ਮੁਕਾਬਲੇ ਦਾ ਖਤਰਾ ਹੈ ?

ਤੀਜਾ— ਕਿਸਾਨਾਂ ਲਈ ਸੁਰੱਖਿਆ ਪ੍ਰਬੰਧ ਕੀ ਹਨ ?

ਚੌਥਾ— ਛੋਟੇ ਅਤੇ ਦਰਮਿਆਨੇ ਉਦਯੋਗਾਂ ਨੂੰ ਵਿਸ਼ਵ ਪੱਧਰੀ ਮਾਪਦੰਡਾਂ ਤੱਕ ਲਿਆਉਣ ਲਈ ਨਿਵੇਸ਼ ਕਿੱਥੋਂ ਆਵੇਗਾ ?

ਪੰਜਵਾਂ— ਐਫ.ਟੀ.ਏ. ਤੋਂ ਹੋਣ ਵਾਲੇ ਲਾਭ ਦਾ ਵੰਡ ਕਿਵੇਂ ਹੋਵੇਗਾ—ਕੀ ਇਹ ਸਿਰਫ਼ ਵੱਡੀਆਂ ਕੰਪਨੀਆਂ ਤੱਕ ਸੀਮਿਤ ਰਹੇਗਾ ਜਾਂ ਕਿਸਾਨ ਅਤੇ ਛੋਟੇ ਉਦਯੋਗ ਵੀ ਇਸ ਦਾ ਹਿੱਸਾ ਬਣਨਗੇ ?

ਪੰਜਾਬ ਨੇ ਹਰੀ ਕ੍ਰਾਂਤੀ ਨਾਲ ਭਾਰਤ ਦੀ ਖੁਰਾਕ ਸੁਰੱਖਿਆ ਵਿੱਚ ਇਤਿਹਾਸਕ ਯੋਗਦਾਨ ਦਿੱਤਾ।

ਹੁਣ ਦੂਜੀ ਕ੍ਰਾਂਤੀ ਦੀ ਲੋੜ ਹੈ—

ਹਰੀ ਕ੍ਰਾਂਤੀ ਤੋਂ ਵਿਸ਼ਵ ਮੁੱਲ-ਵਾਧਾ ਕ੍ਰਾਂਤੀ

ਹੁਣ ਸਿਰਫ਼ ਵੱਧ ਪੈਦਾਵਾਰ ਨਹੀਂ;
ਵੱਧ ਮੁੱਲ।
ਸਿਰਫ਼ ਵੱਧ ਅਨਾਜ ਨਹੀਂ;
ਵੱਧ ਨਿਰਯਾਤ ਮੁੱਲ।
ਸਿਰਫ਼ ਕਿਸਾਨ ਨਹੀਂ;
ਕਿਸਾਨ-ਉਦਯੋਗਪਤੀ।
ਸਿਰਫ਼ ਮੰਡੀ ਨਹੀਂ;
ਵਿਸ਼ਵ ਬਾਜ਼ਾਰ।
ਸਿਰਫ਼ ਕੱਚਾ ਮਾਲ ਨਹੀਂ;
ਤਿਆਰ ਉਤਪਾਦ।

ਮੁਕਤ ਵਪਾਰ ਦਾ ਅਰਥ ਇਹ ਨਹੀਂ ਕਿ ਸਰਕਾਰ ਆਪਣਾ ਬਾਜ਼ਾਰ ਬਿਨਾਂ ਰਣਨੀਤੀ ਦੇ ਖੋਲ੍ਹ ਦੇਵੇ।

ਅਸਲ ਮੁਕਤ ਵਪਾਰ ਉਹ ਹੈ ਜਿਸ ਵਿੱਚ ਭਾਰਤੀ ਕਿਸਾਨ ਨੂੰ ਵੀ ਦੁਨੀਆ ਦੇ ਬਾਜ਼ਾਰ ਤੱਕ ਪਹੁੰਚ ਹੋਵੇ,
ਭਾਰਤੀ ਛੋਟੇ ਉਦਯੋਗ ਨੂੰ ਵੀ ਵਿਸ਼ਵ ਪੱਧਰ ਦਾ ਗਾਹਕ ਮਿਲੇ,
ਭਾਰਤੀ ਨਿਰਮਾਤਾ ਵੀ ਵਿਸ਼ਵ ਪੱਧਰ ’ਤੇ ਮੁਕਾਬਲਾ ਕਰੇ,
ਭਾਰਤੀ ਖਪਤਕਾਰ ਨੂੰ ਵੀ ਗੁਣਵੱਤਾ ਅਤੇ ਵਾਜਬ ਕੀਮਤ ਮਿਲੇ,
ਅਤੇ ਦੇਸ਼ ਦੀ ਖੁਰਾਕ ਸੁਰੱਖਿਆ ਵੀ ਸੁਰੱਖਿਅਤ ਰਹੇ।

ਭਾਰਤ ਦੀ ਐਫ.ਟੀ.ਏ. ਨੀਤੀ ਦਾ ਅਗਲਾ ਪੜਾਅ ਇਸ ਲਈ ਸਿਰਫ਼ ਵਪਾਰਕ ਟੈਕਸ ਦੀ ਗੱਲਬਾਤ ਨਹੀਂ ਹੋਣਾ ਚਾਹੀਦਾ। ਸਗੋਂ ਕਿਸਾਨ ਤੋਂ ਵਿਸ਼ਵ ਬਾਜ਼ਾਰ ਤੱਕ ਰਣਨੀਤੀ ਹੋਣੀ ਚਾਹਿੰਦੀ ਹੈ।

ਪੰਜਾਬ ਲਈ ਤਾਂ ਇਹ ਹੋਰ ਵੀ ਮਹੱਤਵਪੂਰਨ ਹੈ।

ਕਿਉਂਕਿ ਜੇ ਐਫ.ਟੀ.ਏ. ਤੋਂ ਬਾਅਦ ਪੰਜਾਬ ਸਿਰਫ਼ ਵਿਦੇਸ਼ੀ ਉਤਪਾਦਾਂ ਦਾ ਖਪਤਕਾਰ ਬਣਿਆ, ਤਾਂ ਇਹ ਖ਼ਤਰਾ ਹੈ।

ਪਰ ਜੇ ਪੰਜਾਬ ਆਪਣੇ ਕਿਸਾਨਾਂ, ਕਿਸਾਨ ਉਤਪਾਦਕ ਸੰਗਠਨਾਂ, ਛੋਟੇ ਅਤੇ ਦਰਮਿਆਨੇ ਉਦਯੋਗਾਂ, ਪ੍ਰੋਸੈਸਿੰਗ ਇਕਾਈਆਂ, ਯੂਨੀਵਰਸਿਟੀਆਂ, ਤਕਨਾਲੋਜੀ ਸੰਸਥਾਵਾਂ ਅਤੇ ਨਿਰਯਾਤਕਾਂ ਨੂੰ ਇੱਕੋ ਮੁੱਲ-ਵਾਧਾ ਲੜੀ ਵਿੱਚ ਜੋੜ ਕੇ ਵਿਸ਼ਵ ਬਾਜ਼ਾਰ ਨੂੰ ਪੰਜਾਬੀ ਉਤਪਾਦ ਵੇਚਣ ਲੱਗ ਪਿਆ, ਤਾਂ ਇਹ ਐਫ.ਟੀ.ਏ. ਪੰਜਾਬ ਦੀ ਆਰਥਿਕ ਪੁਨਰਜਾਗਰਤੀ ਦਾ ਦਰਵਾਜ਼ਾ ਬਣ ਸਕਦਾ ਹੈ।

ਅਸਲ ਲੜਾਈ ਇਹ ਹੈ ਕਿ ਮੁਕਤ ਵਪਾਰ ਦੇ ਇਸ ਨਵੇਂ ਯੁੱਗ ਵਿੱਚ ਭਾਰਤਅਤੇ ਖ਼ਾਸ ਕਰਕੇ ਪੰਜਾਬ ਦੁਨੀਆ ਦਾ ਬਾਜ਼ਾਰ ਬਣੇਗਾ ਜਾਂ ਦੁਨੀਆ ਲਈ ਬਾਜ਼ਾਰ ਬਣ ਕੇ ਰਹਿ ਜਾਵੇਗਾ ? ਇਹ ਫ਼ੈਸਲਾ ਐਫ.ਟੀ.ਏ. ਨਹੀਂ ਕਰੇਗਾ।

ਇਹ ਫ਼ੈਸਲਾ ਸਾਡੀ ਨੀਤੀ, ਸਾਡੀ ਉਤਪਾਦਕਤਾ, ਸਾਡੀ ਤਕਨਾਲੋਜੀ ਅਤੇ ਸਾਡੇ ਕਿਸਾਨ ਦੀ ਤਿਆਰੀ ਕਰੇਗੀ। ਇਸ ਸੰਪਾਦਕੀ ਲਈ ਭਾਰਤ ਸਰਕਾਰ ਦੇ ਵਣਜ ਅਤੇ ਉਦਯੋਗ ਮੰਤਰਾਲੇ, ਆਰਥਿਕ ਸਰਵੇਖਣ 2025-26 ਅਤੇ ਪੰਜਾਬ ਸਰਕਾਰ ਦੇ ਉਪਲਬਧ ਆਰਥਿਕ ਦਸਤਾਵੇਜ਼ਾਂ ਨੂੰ ਆਧਾਰ ਬਣਾਇਆ ਗਿਆ ਹੈ। ਆਰਥਿਕ ਸਰਵੇਖਣ ਅਨੁਸਾਰ ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਦੇਸ਼ ਦੀ ਕੰਮਕਾਜੀ ਆਬਾਦੀ ਦੇ ਲਗਭਗ 46.1 ਫ਼ੀਸਦੀ ਨਾਲ ਜੁੜੀਆਂ ਹਨ। ਇਸੇ ਤਰ੍ਹਾਂ ਭਾਰਤ ਦੇ ਵਿਸ਼ਵ ਸੇਵਾ ਵਪਾਰ ਵਿੱਚ ਹਿੱਸੇਦਾਰੀ 2005 ਦੇ ਲਗਭਗ 2 ਫ਼ੀਸਦੀ ਤੋਂ ਵਧ ਕੇ 2024 ਵਿੱਚ 4.3 ਫ਼ੀਸਦੀ ਹੋਈ ਹੈ।

ਨਿਊਜ਼ੀਲੈਂਡ ਨਾਲ ਮੁਕਤ ਵਪਾਰ ਸਮਝੌਤੇ ਦੀ ਗੱਲਬਾਤ ਦੌਰਾਨ ਭਾਰਤ ਵੱਲੋਂ ਦੁੱਧ ਅਤੇ ਦੁੱਧ ਉਤਪਾਦਾਂ ਸਮੇਤ ਕੁਝ ਸੰਵੇਦਨਸ਼ੀਲ ਖੇਤੀ ਉਤਪਾਦਾਂ ਲਈ ਸੁਰੱਖਿਆ ਬਰਕਰਾਰ ਰੱਖਣਾ ਇਸ ਗੱਲ ਦਾ ਮਹੱਤਵਪੂਰਨ ਉਦਾਹਰਨ ਹੈ ਕਿ ਮੁਕਤ ਵਪਾਰ ਅਤੇ ਕਿਸਾਨੀ ਸੁਰੱਖਿਆ ਨੂੰ ਇੱਕੋ ਨੀਤੀ ਵਿੱਚ ਕਿਵੇਂ ਸੰਤੁਲਿਤ ਕੀਤਾ ਜਾ ਸਕਦਾ ਹੈ।

ਇਸ ਲਈ ਐਫ.ਟੀ.ਏ. ਨੂੰ ਸਿਰਫ਼ ਦਰਾਮਦ ਸ਼ੁਲਕ ਘਟਾਉਣ ਦੀ ਨੀਤੀ ਵਜੋਂ ਨਹੀਂ, ਸਗੋਂ ਕਿਸਾਨੀ, ਉਦਯੋਗ, ਨਿਵੇਸ਼, ਤਕਨਾਲੋਜੀ, ਰੁਜ਼ਗਾਰ, ਨਿਰਯਾਤ ਅਤੇ ਵਿਦੇਸ਼ ਨੀਤੀ ਨੂੰ ਜੋੜਨ ਵਾਲੀ ਵਿਆਪਕ ਆਰਥਿਕ ਰਣਨੀਤੀ ਵਜੋਂ ਦੇਖਣ ਦੀ ਲੋੜ ਹੈ




## 70ਵੇਂ ਜ਼ਿਲ੍ਹਾ ਸਕੂਲ ਟੂਰਨਾਮੈਂਟ ’ਚ ਲੜਕੀਆਂ ਦੇ ਗੱਤਕੇ ਮੁਕਾਬਲੇ ਕਰਵਾਏ ਗਏ



**ਪਟਿਆਲਾ, 21 ਅਗਸਤ**
**-ਛਤਰਪਾਲ ਸਿੰਘ-**

ਜ਼ਿਲ੍ਹਾ ਸਿੱਖਿਆ ਅਫਸਰ ਸ਼ਾਲੂ ਮਹਿਰਾ ਦੀ ਯੋਗ ਅਗਵਾਈ ਤੇ ਉਪ ਜਿਲ੍ਹਾ ਸਿੱਖਿਆ ਅਫਸਰ ਡਾ ਰਵਿੰਦਰਪਾਲ ਸ਼ਰਮਾਂ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ. ਦਲਜੀਤ ਸਿੰਘ ਤੇ ਜ਼ਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ ਅੰਡਰ 14/19 ਲੜਕੀਆਂ ਦੇ ਗਤਕੇ ਦੇ ਮੁਕਾਬਲੇ ਪੀ.ਐੱਮ.ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਮਲਟੀਪਰਪਜ਼ ਸਕੂਲ ਪਾਸੀ ਰੋਡ ਪਟਿਆਲਾ ਵਿਖੇ ਕਰਵਾਏ ਗਏ।

ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ. ਦਲਜੀਤ ਸਿੰਘ ਨੇ ਉਚੇਰੇ ਤੌਰ ਤੇ ਪਹੁੰਚ ਕੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ।

ਅੰਡਰ 14 ਦੇ ਮੁਕਾਬਲਿਆਂ ਵਿੱਚ ਘਨੌਰ ਜੋਨ ਨੇ ਪਹਿਲਾ, ਨਾਭਾ ਜੋਨ ਨੇ ਦੂਸਰਾ ਤੇ ਪਟਿਆਲਾ ਜੋਨ-2 ਨੇ ਤੀਸਰਾ, ਅੰਡਰ 19 ਦੇ ਮੁਕਾਬਲਿਆਂ ਵਿੱਚ ਘਨੌਰ ਜੋਨ ਨੇ ਪਹਿਲਾ, ਰਾਜਪੁਰਾ ਜੋਨ ਨੇ ਦੂਸਰਾ, ਪਟਿਆਲਾ ਜੋਨ-2 ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਇਸ ਮੌਕੇ ਤੇ ਅਮਨਿੰਦਰ ਸਿੰਘ ਜੋਨਲ ਸਕੱਤਰ ਪਟਿਆਲਾ ਜੋਨ-1, ਜਸਵਿੰਦਰ ਸਿੰਘ ਚੱਪੜ (ਕਨਵੀਨਰ ਗੱਤਕਾ ਤੇ ਜੋਨਲ ਸਕੱਤਰ ਘਨੌਰ), ਡਾ. ਰਾਜਿੰਦਰ ਸੈਣੀ (ਜੋਨਲ ਸਕੱਤਰ ਰਾਜਪੁਰਾ),ਰਕੇਸ਼ ਕੁਮਾਰ (ਖਜਾਨਚੀ,ਜੋਨ-1),ਮਨਿੰਦਰ ਸਿੰਘ ਗੱਤਕਾ ਕੋਚ,ਮਨਵਿੰਦਰ ਸਿੰਘ, ਦਲਵਿੰਦਰ ਸਿੰਘ, ਦਰਸ਼ਨ ਕੌਰ,ਜਸਪਾਲ ਕੌਰ, ਮਨਜੀਤ ਸਿੰਘ, ਗੁਰਨਾਮ ਕੌਰ, ਬੇਅੰਤ ਕੌਰ, ਚਰਨਜੀਤ ਸਿੰਘ ਤੇ ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਹਾਜ਼ਰ ਸਨ।

# ਪੰਜਾਬ ਪੁਲਿਸ ਦਾ ਸਾਲ ਭਰ ਚੱਲਣ ਵਾਲਾ ਲਿੰਗ ਸੰਵੇਦਨਸ਼ੀਲਤਾ ਅਤੇ ਮੇਨਸਟ੍ਰੀਮਿੰਗ ਸਿਖਲਾਈ ਪ੍ਰੋਜੈਕਟ ਐਮ.ਆਰ.ਐਸ.ਪੀ.ਪੀ.ਏ ਫਿਲੌਰ ਵਿਖੇ ਹੋਇਆ ਸਮਾਪਤ

## ➢ 5% ਵਾਧੂ ਕੋਸ਼ਿਸ਼ ਕਰਨ ਨਾਲ ਆਉਂਦੀ ਹੈ ਕੰਮ ਵਿੱਚ ਉੱਤਮਤਾ : ਮਨਰਾਜ ਗਰੇਵਾਲ ਸ਼ਰਮਾ ➢ ਮਹਿਲਾ ਅਧਿਕਾਰੀਆਂ ਨੂੰ ਐਸ.ਐਚ.ਓ. ਵਰਗੀਆਂ ਮੋਹਰੀ ਤੇ ਅਹਿਮ ਭੂਮਿਕਾਵਾਂ ਨਿਭਾਉਣ ਲਈ ਸਰਗਰਮੀ ਨਾਲ ਅੱਗੇ ਆਉਣ ਦੀ ਲੋੜ: ਵਿਸ਼ੇਸ਼ ਡੀ.ਜੀ.ਪੀ. ਗੁਰਪ੍ਰੀਤ ਕੌਰ ਦਿਓ



**ਚੰਡੀਗੜ੍ਹ 21 ਅਗਸਤ**
**-ਛਤਰਪਾਲ ਸਿੰਘ-**

ਪੰਜਾਬ ਪੁਲਿਸ, ਆਰ.ਸੀ.ਟੀ. ਐਨ.ਜੀ.ਓ.– ਜਮੀਲ ਪਾਵਰਟੀ ਐਕਸ਼ਨ ਲੈਬ (ਜੇ-ਪਾਲ) ਅਤੇ ਹਾਰਟੇਕ ਫਾਊਂਡੇਸ਼ਨ ਦੇ ਸਹਿਯੋਗ ਨਾਲ, 'ਲਿੰਗ ਸੰਵੇਦਨਸ਼ੀਲਤਾ ਅਤੇ ਮੇਨਸਟ੍ਰੀਮਿੰਗ ਆਫ਼ ਵਿਮੈਨ ਇਨ ਪੰਜਾਬ ਪੁਲਿਸ' ਵਿਸ਼ੇ 'ਤੇ ਅਧਾਰਤ ਸਾਲ ਭਰ ਚੱਲਣ ਵਾਲੀ ਸਿਖਲਾਈ ਪਹਿਲਕਦਮੀ ਅੱਜ 134 ਸਾਲ ਪੁਰਾਣੀ ਮਹਾਰਾਜਾ ਰਣਜੀਤ ਸਿੰਘ ਪੰਜਾਬ ਪੁਲਿਸ ਅਕੈਡਮੀ (ਐਮਆਰਐਸਪੀਪੀਏ), ਫਿਲੌਰ ਵਿਖੇ ਸਫਲਤਾਪੂਰਵਕ ਮੁਕੰਮਲ ਹੋਈ। ਅੱਜ, ਤੀਜੇ ਗੇੜ ਦਾ ਆਖਰੀ ਦਿਨ ਗਰੁੱਪ ਟੀ1 ਸੀ–ਸਿਰਫ਼ ਔਰਤਾਂ ਲਈ ਸਮੂਹ ਤੇ ਕੇਂਦਰਿਤ ਰਿਹਾ, ਜਿਸ ਵਿੱਚ ਸੂਬੇ ਭਰ ਵਿੱਚ ਮਹਿਲਾ ਹੈਲਪਡੈਸਕਾਂ 'ਤੇ ਤਾਇਨਾਤ ਪੰਜਾਬ ਪੁਲਿਸ ਮਹਿਲਾ ਮਿੱਤਰ ਸ਼ਾਮਲ ਹੋਈਆਂ। ਇਸ ਸਿਖਲਾਈ ਪ੍ਰੋਗਰਾਮ ਦੇ ਆਖਰੀ ਦਿਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਪਹੁੰਚੀ, ਇੰਡੀਅਨ ਐਕਸਪ੍ਰੈਸ ਦੇ ਰੈਜ਼ੀਡੈਂਟ/ਰਾਸ਼ਟਰੀ ਸੰਪਾਦਕ (ਉੱਤਰੀ) ਮਨਰਾਜ ਗਰੇਵਾਲ ਸ਼ਰਮਾ ਨੇ ਭਾਗ ਲੈਣ ਵਾਲੀਆਂ ਮਹਿਲਾ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ ਕਿਵੇਂ ਇਸ ਪੁਰਸ਼-ਪ੍ਰਧਾਨ ਖੇਤਰ ਵਿੱਚ ਚੁਣੌਤੀਆਂ ਦਾ ਡੱਟ ਕੇ ਸਾਹਮਣਾ ਕਰਦਿਆਂ ਪੱਤਰਕਾਰੀ ਵਿੱਚ ਸਨਮਾਨਯੋਗ ਰੁਤਬਾ ਹਾਸਲ ਕੀਤਾ।

ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਸਿਖਰ 'ਤੇ ਪਹੁੰਚਣ ਲਈ ਬਿਨਾਂ ਕਿਸੇ ਸਮਝੌਤੇ ਦੇ ਪੂਰਨ ਸਮਰਪਣ ਦੀ ਲੋੜ ਹੁੰਦੀ ਹੈ। ਉਨ੍ਹਾਂ ਨੇ ਆਪਣੇ ਤਜਰਬੇ ਤੋਂ ਦੱਸਿਆ ਕਿ ਹਮੇਸ਼ਾ '5% ਵਾਧੂ ਕੋਸ਼ਿਸ਼' ਸਾਨੂੰ ਹੋਰਨਾਂ ਤੋਂ ਵੱਖਰਾ ਤੇ ਅਗਾਂਹਾ ਕਰ ਦਿੰਦੀ ਹੈ। ਉਨ੍ਹਾਂ ਨੇ ਮਹਿਲਾ ਪੁਲਿਸ ਕਰਮਚਾਰੀਆਂ ਨੂੰ ਅਡੋਲ ਰਹਿਣ, ਆਪਣੀ ਪੇਸ਼ੇਵਰ ਅਹਿਮੀਅਤ ਬਣਾਉਣ ਅਤੇ ਕੰਮਕਾਜੀ ਥਾਂ 'ਤੇ ਲਿੰਗ ਅਧਾਰਿਤ ਜਾਂ ਅਣਉਚਿਤ ਟਿੱਪਣੀਆਂ ਵਿਰੁੱਧ ਡੱਟ ਕੇ ਬੋਲਣ ਦੀ ਅਪੀਲ ਕੀਤੀ।

ਇਸ ਮੌਕੇ ਬੋਲਦਿਆਂ ਸਪੈਸ਼ਲ ਡੀਜੀਪੀ ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀਏਡੀ) ਗੁਰਪ੍ਰੀਤ ਕੌਰ ਦਿਓ ਨੇ ਕਿਹਾ ਕਿ ਪੰਜਾਬ ਪੁਲਿਸ ਦੀ 80,000 ਮੁਲਾਜ਼ਮਾਂ ਦੀ ਮਜ਼ਬੂਤ ਨਫ਼ਰੀ ਵਿੱਚ 11% ਮਹਿਲਾ ਕਰਮਚਾਰੀਆਂ ਨੂੰ ਮਾਣ ਅਤੇ ਸਮਾਨਤਾ ਨਾਲ ਮੁੱਖ ਧਾਰਾ ਵਿੱਚ ਜੋੜਨ ਲਈ ਅਜਿਹੀਆਂ ਸਿਖਲਾਈ ਪਹਿਲਕਦਮੀਆਂ ਬਹੁਤ ਜ਼ਰੂਰੀ ਹਨ। ਉਨ੍ਹਾਂ ਨੇ ਮਹਿਲਾ ਅਧਿਕਾਰੀਆਂ ਨੂੰ ਇਹ ਅਹਿਸਾਸ ਦਿਵਾਇਆ ਕਿ ਉਨ੍ਹਾਂ ਨੂੰ ਸਨਮਾਨ ਅਤੇ ਬਣਦੀ ਥਾਂ ਤਾਂ ਹੀ ਮਿਲ ਸਕਦੀ ਹੈ ਜੇਕਰ ਉਹ ਆਪਣੇ ਸਵੈ-ਮਾਣ, ਪੇਸ਼ੇਵਰਤਾ, ਦ੍ਰਿੜਤਾ ਅਤੇ ਯੋਗਤਾਵਾਂ ਵਿੱਚ ਪੂਰਨ ਭਰੋਸਾ ਰੱਖਣ। ਉਨ੍ਹਾਂ ਨੇ ਮਹਿਲਾਵਾਂ ਨੂੰ ਪ੍ਰਸ਼ਾਸਨਿਕ ਡੈਸਕਾਂ ਤੋਂ ਅੱਗੇ ਵਧਣ, ਚੁਣੌਤੀਪੂਰਨ ਫੀਲਡ ਅਸਾਈਨਮੈਂਟਾਂ ਨੂੰ ਚੁਣਨ ਅਤੇ ਸਟੇਸ਼ਨ ਹਾਊਸ ਅਫਸਰ (ਐਸਐਚਓ) ਵਜੋਂ ਪੋਸਟਿੰਗ ਸਮੇਤ ਫਰੰਟਲਾਈਨ ਲੀਡਰਸ਼ਿਪ ਭੂਮਿਕਾਵਾਂ ਲਈ ਸਰਗਰਮੀ ਨਾਲ ਅੱਗੇ ਆਉਣ ਦੀ ਅਪੀਲ ਕੀਤੀ।

ਸਪੈਸ਼ਲ ਡੀਜੀਪੀ ਨੇ ਘਰੇਲੂ ਹਿੰਸਾ 'ਤੇ ਕਮਿਊਨਿਟੀ ਅਫੇਅਰਜ਼ ਡਿਵੀਜ਼ਨ ਦੀਆਂ ਪਹਿਲਕਦਮੀਆਂ ਬਾਰੇ ਵੀ ਦੱਸਿਆ, ਜਿਸ ਵਿੱਚ 'ਸਾਂਝ ਰਾਹਤ ਕੇਂਦਰ' ਪ੍ਰੋਜੈਕਟ ਸ਼ਾਮਲ ਹੈ। ਇਸ ਤੋਂ ਬਾਅਦ ਘਰੇਲੂ ਹਿੰਸਾ 'ਤੇ ਅਧਾਰਤ 15 ਮਿੰਟ ਦੀ ਦਸਤਾਵੇਜ਼ੀ ਫਿਲਮ ਵੀ ਦਿਖਾਈ ਗਈ। ਉਨ੍ਹਾਂ ਕਿਹਾ ਕਿ ਇਹ ਸਬੂਤ-ਅਧਾਰਤ ਪਹਿਲਕਦਮੀ 21ਵੀਂ ਸਦੀ ਦੀਆਂ ਚੁਣੌਤੀਆਂ, ਜਿਨ੍ਹਾਂ ਵਿੱਚ ਸਾਈਬਰ ਅਪਰਾਧ, ਪ੍ਰੌਕਸੀ ਅੱਤਵਾਦ, ਸੰਗਠਿਤ ਗੈਂਗਸਟਰ ਨੈਟਵਰਕ ਅਤੇ ਨਸ਼ਿਆਂ ਦੀ ਵਰਤੋਂ ਸ਼ਾਮਲ ਹਨ, ਨਾਲ ਨਜਿੱਠਣ ਦੇ ਸਮਰੱਥ ਇੱਕ ਸਮਾਵੇਸ਼ੀ, ਭਵਿੱਖ ਮੁਖੀ ਫੋਰਸ ਬਣਾਉਣ ਲਈ ਪੰਜਾਬ ਪੁਲਿਸ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਸ ਤੋਂ ਪਹਿਲਾਂ, ਮਹਾਰਾਸ਼ਟਰ ਕੇਡਰ ਦੀ ਸਾਬਕਾ ਡੀਜੀਪੀ ਮੀਰਨ ਚੱਢਾ ਬੋਰਵਾਂਕਰ ਨੇ 80 ਦੇ ਦਹਾਕੇ ਦੇ ਸ਼ੁਰੂ ਵਿੱਚ ਇੱਕ ਮਹਿਲਾ ਪੁਲਿਸ ਅਧਿਕਾਰੀ ਵਜੋਂ ਆਪਣੀਆਂ ਚੁਣੌਤੀਆਂ ਸਾਂਝੀਆਂ ਕੀਤੀਆਂ, ਜਦੋਂ ਉਹ 1981 ਦੇ ਭਾਰਤੀ ਪੁਲਿਸ ਸੇਵਾ (ਆਈਪੀਐਸ) ਬੈਚ ਵਿੱਚ ਇਕਲੌਤੀ ਮਹਿਲਾ ਅਧਿਕਾਰੀ ਸੀ। ਉਨ੍ਹਾਂ ਨੇ ਪੁਣੇ ਯੂਨੀਵਰਸਿਟੀ ਦੇ ਸਹਿਯੋਗ ਨਾਲ ਮਹਾਰਾਸ਼ਟਰ ਪੁਲਿਸ ਵਿੱਚ ਮਹਿਲਾ ਪੁਲਿਸ ਅਧਿਕਾਰੀਆਂ ਦੇ ਸੰਤੁਸ਼ਟੀ ਪੱਧਰ 'ਤੇ ਕੀਤੀ ਗਈ ਇੱਕ ਖੋਜ ਅਤੇ ਉਸ ਦੌਰਾਨ ਜੁਟਾਈ ਅਹਿਮ ਜਾਣਕਾਰੀ ਸਾਂਝੀ ਕੀਤੀ।

ਪੰਜਾਬ ਦੇ ਸਾਬਕਾ ਡੀਜੀਪੀ ਆਰ.ਸੀ. ਸਿੰਘ ਨੇ ਸੰਯੁਕਤ ਰਾਸ਼ਟਰ ਵਿੱਚ ਆਪਣੇ ਤਜ਼ਰਬੇ ਸਾਂਝੇ ਕਰਦਿਆ ਦੱਸਿਆ ਕਿ ਸੰਯੁਕਤ ਰਾਸ਼ਟਰ ਵਿੱਚ 50 ਪ੍ਰਤੀਸ਼ਤ ਔਰਤਾਂ ਦੀ ਸ਼ਮੂਲੀਅਤ ਵਾਲੀ ਨੀਤੀ ਅਪਣਾਈ ਗਈ ਸੀ। ਉਨ੍ਹਾਂ ਨੇ ਸਹਾਇਕ ਮੁਖੀ ਵਜੋਂ ਆਪਣੇ ਤਜ਼ਰਬੇ ਵੀ ਸਾਂਝੇ ਕੀਤੇ ਜਦੋਂ ਉਨਾਂ ਨੇ ਆਪਣੇ ਅਧੀਨ ਕੰਮ ਕਰਨ ਵਾਲੀਆਂ ਮਹਿਲਾ ਅਧਿਕਾਰੀਆਂ ਨੂੰ ਬਰਾਬਰ ਚੁਣੌਤੀਪੂਰਨ ਭੂਮਿਕਾਵਾਂ ਸੌਂਪੀਆਂ ਅਤੇ ਉਨ੍ਹਾਂ ਫਰਜ਼ਾਂ ਨੂੰ ਪੂਰਾ ਕਰਨ ਲਈ ਢੁਕਵੀਂ ਲੌਜਿਸਟਿਕ ਸਹਾਇਤਾ ਵੀ ਪ੍ਰਦਾਨ ਕੀਤੀ ਸੀ।

ਇਸ ਮੌਕੇ 'ਤੇ ਵਿਸ਼ੇਸ਼ ਡੀਜੀਪੀ ਗੁਰਪ੍ਰੀਤ ਕੌਰ ਦਿਓ ਨੇ ਵੀ 51 ਮਾਸਟਰ ਟ੍ਰੇਨਰਾਂ ਨੂੰ ਸੂਬੇ ਭਰ ਵਿੱਚ ਇਸ ਕੈਸਕੇਡਿੰਗ ਸਿਖਲਾਈ ਮਾਡਲ ਨੂੰ ਸਫਲਤਾਪੂਰਵਕ ਲਾਗੂ ਕਰਨ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਲਈ ਵਧਾਈ ਦਿੱਤੀ ਅਤੇ ਸਨਮਾਨਿਤ ਕੀਤਾ।

ਇਸ ਦੌਰਾਨ ਇਸ ਨਵੇਕਲੇ ਤੇ ਪ੍ਰਭਾਵੀ ਪ੍ਰੋਜੈਕਟ ਤਹਿਤ ਪੰਜਾਬ ਭਰ ਦੇ 384 ਪੁਲਿਸ ਥਾਣਿਆਂ ਤੋਂ ਲਗਭਗ 1500 ਪੁਲਿਸ ਮੁਲਾਜ਼ਮਾਂ ਨੂੰ ਸਿਖਲਾਈ ਦਿੱਤੀ ਗਈ। ਦਸੰਬਰ 2025 ਵਿੱਚ 51 ਮਾਸਟਰ ਟ੍ਰੇਨਰਾਂ ਲਈ 'ਟ੍ਰੇਨਿੰਗ ਆਫ਼ ਟ੍ਰੇਨਰਜ਼' (ਟੀਓਟੀ) ਕੋਰਸ ਨਾਲ ਸ਼ੁਰੂ ਹੋਈ, ਇਹ ਪਹਿਲਕਦਮੀ 2026 ਦੇ ਸ਼ੁਰੂ ਵਿੱਚ ਦੋ ਜ਼ਮੀਨੀ ਪੱਧਰ ਦੇ ਜ਼ਿਲ੍ਹਾ-ਪੱਧਰੀ ਦੌਰਾਂ ਵਿੱਚੋਂ ਲੰਘੀ ਅਤੇ ਤਿੰਨ-ਦਿਨਾਂ ਅਕੈਡਮੀ-ਪੱਧਰੀ ਗੇੜ-3 ਵਿੱਚ ਜਾ ਕੇ ਸਮਾਪਤ ਹੋਈ। ਜੇ-ਪਾਲ ਵੱਲੋਂ ਹੁਣ ਸੰਸਥਾਗਤ ਮਾਹੌਲ ਅਤੇ ਕਮਿਊਨਿਟੀ ਪੁਲਿਸਿੰਗ ਅਭਿਆਸਾਂ 'ਤੇ ਪੈਣ ਵਾਲੇ ਲੰਬੇ ਪ੍ਰਭਾਵਾਂ ਦਾ ਮੁਲਾਂਕਣ ਕਰਨ ਲਈ ਐਂਡਲਾਈਨ ਸਰਵੇਖਣ ਕੀਤਾ ਜਾਵੇਗਾ।

# ਪੰਜਾਬ 'ਉੜਤਾ ਪੰਜਾਬ' ਤੋਂ 'ਪੜ੍ਹਦਾ ਪੰਜਾਬ' ਵੱਲ ਵਧਿਆ ਹੈ: ਹਰਜੋਤ ਸਿੰਘ ਬੈਂਸ

## ➢ ਪੀਜੀਆਈ 2.0 ਵਿੱਚ ਪੰਜਾਬ ਦੇਸ਼ ਭਰ ਵਿੱਚ ਮੋਹਰੀ ਰਿਹਾ, ਨੀਤੀ ਆਯੋਗ ਦੁਆਰਾ ਕਲਾਸਰੂਮ ਸਿਖਲਾਈ ਦੇ ਨਤੀਜਿਆਂ ਵਿੱਚ ਨੰਬਰ 1 ਸਥਾਨ ਪ੍ਰਾਪਤ ਕੀਤਾ ➢ ਪਟਿਆਲਾ, ਪੰਜਾਬ ਵਿੱਚ 23ਵੇਂ ਸਥਾਨ 'ਤੇ, ਕੇਂਦਰ ਦੇ ਨੀਤੀ ਆਯੋਗ ਸਰਵੇਖਣ ਵਿੱਚ ਭਾਜਪਾ ਸ਼ਾਸਿਤ ਹਰਿਆਣਾ ਦੇ ਨੰਬਰ 1 ਗੁਰੂਗ੍ਰਾਮ ਤੋਂ ਵੱਧ ਅੰਕ ਪ੍ਰਾਪਤ ਕਰਦਾ ਹੈ

**ਚੰਡੀਗੜ੍ਹ 21 ਅਗਸਤ**
**-ਛਤਰਪਾਲ ਸਿੰਘ-**

ਪੰਜਾਬ ਦੇ ਸਰਕਾਰੀ ਸਕੂਲਾਂ ਬਾਰੇ ਭਾਜਪਾ ਦੇ ਗੁੰਮਰਾਹਕੁੰਨ ਬਿਆਨ ਦਾ ਪਰਦਾਫਾਸ਼ ਕਰਦਿਆਂ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਵੀਰਵਾਰ ਨੂੰ ਭਾਜਪਾ ਆਗੂਆਂ ਨੂੰ ਆੜੇ ਹੱਥੀਂ ਲਿਆ ਜੋ ਪੰਜਾਬ ਨੂੰ ਬਦਨਾਮ ਕਰਨ ਅਤੇ ਜਨਤਾ ਨੂੰ ਗੁੰਮਰਾਹ ਕਰਨ ਲਈ ਸੱਤ ਸਾਲ ਪੁਰਾਣੇ 2018 ਦੇ ਵੀਡੀਓ ਨੂੰ ਮੌਜੂਦਾ ਤਸਵੀਰ ਵਜੋਂ ਪ੍ਰਸਾਰਿਤ ਕਰ ਰਹੇ ਸਨ। ਸਿੱਖਿਆ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਵੀਡੀਓ ਵਿੱਚ ਦਿਖਾਈ ਗਈ ਫਤਿਹਗੜ੍ਹ ਸਾਹਿਬ ਦੇ ਜੱਲ੍ਹਾ ਸਰਕਾਰੀ ਸਕੂਲ ਦਾ ਨਿੱਜੀ ਤੌਰ 'ਤੇ ਦੌਰਾ ਕੀਤਾ ਅਤੇ ਦੇਖਿਆ ਕਿ ਜ਼ਮੀਨੀ ਹਕੀਕਤ ਪੂਰੀ ਤਰ੍ਹਾਂ ਬਦਲ ਗਈ ਹੈ, ਜਿਸ ਵਿੱਚ ਸਮਾਰਟ ਇੰਟਰਐਕਟਿਵ ਪੈਨਲ, ਫੰਕਸ਼ਨਲ ਟਾਇਲਟ, ਇੱਕ ਸੈਨੇਟਰੀ ਪੈਡ ਇਨਸਿਨਰੇਟਰ, ਸਾਫ਼ ਪੀਣ ਵਾਲਾ ਪਾਣੀ ਅਤੇ ਵਾਈ-ਫਾਈ ਹੁਣ ਮੌਜੂਦ ਹਨ।

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਅਧੀਨ ਪੰਜਾਬ ਦੇ ਸਿੱਖਿਆ ਰਿਕਾਰਡ ਦਾ ਜਵਾਬ ਦਿੰਦੇ ਹੋਏ, ਸਿੱਖਿਆ ਮੰਤਰੀ ਨੇ ਦੱਸਿਆ ਕਿ ਪੰਜਾਬ ਪੀਜੀਆਈ (ਪ੍ਰਦਰਸ਼ਨ ਗ੍ਰੇਡਿੰਗ ਇੰਡੈਕਸ) 2.0 ਅਤੇ ਕਲਾਸਰੂਮ ਸਿੱਖਣ ਦੇ ਨਤੀਜਿਆਂ ਵਿੱਚ ਦੇਸ਼ ਭਰ ਵਿੱਚੋਂ ਸਿਖਰ 'ਤੇ ਰਿਹਾ ਹੈ, 882 ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਯੂਜੀ-ਨੀਟ 2026 ਪਾਸ ਕੀਤਾ ਹੈ, ਅਤੇ ਇੱਥੋਂ ਤੱਕ ਕਿ ਪਟਿਆਲਾ, ਜੋ ਕਿ ਪੰਜਾਬ ਵਿੱਚ 23ਵੇਂ ਸਥਾਨ 'ਤੇ ਹੈ, ਨੇ ਕੇਂਦਰ ਦੇ ਨੀਤੀ (ਨੈਸ਼ਨਲ ਇੰਸਟੀਚਿਊਸ਼ਨ ਫਾਰ ਟ੍ਰਾਂਸਫਾਰਮਿੰਗ ਇੰਡੀਆ) ਆਯੋਗ ਸਰਵੇਖਣ ਵਿੱਚ ਭਾਜਪਾ ਸ਼ਾਸਿਤ ਹਰਿਆਣਾ ਦੇ ਸਿਖਰਲੇ ਸਥਾਨ ਵਾਲੇ ਗੁਰੂਗ੍ਰਾਮ ਨਾਲੋਂ ਵੱਧ ਅੰਕ ਪ੍ਰਾਪਤ ਕੀਤੇ ਹਨ।

ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਭਾਜਪਾ ਦੇ ਰਾਸ਼ਟਰੀ ਬੁਲਾਰੇ ਪ੍ਰਦੀਪ ਭੰਡਾਰੀ ਦੁਆਰਾ ✓ 'ਤੇ ਸਾਂਝਾ ਕੀਤਾ ਗਿਆ ਇੱਕ ਵੀਡੀਓ ਅਤੇ ਬਾਅਦ ਵਿੱਚ ਸੰਸਦ ਮੈਂਬਰ ਹਰਭਜਨ ਸਿੰਘ ਦੁਆਰਾ ਦੁਬਾਰਾ ਪੋਸਟ ਕੀਤਾ ਗਿਆ, ਉਨ੍ਹਾਂ ਦੇ ਧਿਆਨ ਵਿੱਚ ਆਉਣ ਤੋਂ ਬਾਅਦ, ਉਨ੍ਹਾਂ ਨੇ ਸਿਰਫ਼ ਅਧਿਕਾਰਤ ਰਿਪੋਰਟਾਂ 'ਤੇ ਭਰੋਸਾ ਕਰਨ ਦੀ ਬਜਾਏ ਜ਼ਮੀਨੀ ਪੱਧਰ 'ਤੇ ਦਾਅਵਿਆਂ ਦੀ ਨਿੱਜੀ ਤੌਰ 'ਤੇ ਪੁਸ਼ਟੀ ਕਰਨ ਦਾ ਫੈਸਲਾ ਕੀਤਾ। ਇੱਕ ਪ੍ਰੈਸ ਕਾਨਫਰੰਸ ਤੋਂ ਤੁਰੰਤ ਬਾਅਦ, ਮੈਂ ਸਕੂਲ ਅਧਿਕਾਰੀਆਂ ਜਾਂ ਜ਼ਿਲ੍ਹਾ ਸਿੱਖਿਆ ਅਧਿਕਾਰੀ ਨੂੰ ਸੂਚਿਤ ਕੀਤੇ ਬਿਨਾਂ, ਪੰਜਾਬ ਭਵਨ ਤੋਂ ਸਿੱਧਾ ਫਤਿਹਗੜ੍ਹ ਸਾਹਿਬ ਦੇ ਸਰਕਾਰੀ ਸਕੂਲ, ਜੱਲ੍ਹਾ ਗਿਆ, ਜੋ ਕਿ ਵੀਡੀਓ ਵਿੱਚ ਦਿਖਾਇਆ ਗਿਆ ਸਕੂਲ ਹੈ। ਮੈਂ ਆਪਣੀਆਂ ਅੱਖਾਂ ਨਾਲ ਇਹ ਪੁਸ਼ਟੀ ਕਰਨਾ ਚਾਹੁੰਦਾ ਸੀ ਕਿ ਕੀ ਵੀਡੀਓ ਵਿੱਚ ਦਿਖਾਈ ਗਈ ਸਥਿਤੀ ਅਸਲ ਵਿੱਚ ਸੀ ਅਤੇ, ਜੇਕਰ ਅਜਿਹਾ ਹੈ, ਤਾਂ ਇਹ ਮੇਰੇ ਧਿਆਨ ਵਿੱਚ ਕਿਉਂ ਨਹੀਂ ਲਿਆਂਦਾ ਗਿਆ, ਉਸਨੇ ਕਿਹਾ।

ਸਿੱਖਿਆ ਮੰਤਰੀ ਨੇ ਕਿਹਾ, ਸਰਕੂਲੇਟ ਕੀਤਾ ਜਾ ਰਿਹਾ ਵੀਡੀਓ 2018 ਦਾ ਹੈ। ਸਕੂਲ ਦੀ ਮੌਜੂਦਾ ਹਾਲਤ ਬਿਲਕੁਲ ਵੱਖਰੀ ਹੈ। ਅੱਜ, ਸਕੂਲ ਵਿੱਚ ਦੋ ਸਮਾਰਟ ਇੰਟਰਐਕਟਿਵ ਪੈਨਲ, ਦੋ ਕਾਰਜਸ਼ੀਲ ਕੁੜੀਆਂ ਲਈ ਪਖਾਨੇ, ਇੱਕ ਕੰਮ ਕਰਨ ਵਾਲਾ ਸੈਨੇਟਰੀ ਪੈਡ ਇਨਸੀਨੇਟਰ, ਸਾਫ਼ ਪੀਣ ਵਾਲਾ ਪਾਣੀ ਅਤੇ ਵਾਈ-ਫਾਈ ਕਨੈਕਟੀਵਿਟੀ ਹੈ।

ਸਿੱਖਿਆ ਮੰਤਰੀ ਨੇ ਕਿਹਾ ਕਿ ਪੈਂਡਿੰਗ ਸਫ਼ੈਦੀ ਦੇ ਕੰਮ ਨੂੰ ਪਹਿਲਾਂ ਹੀ ਮਨਜ਼ੂਰੀ ਦੇ ਦਿੱਤੀ ਗਈ ਹੈ ਅਤੇ ਫੰਡ ਜਾਰੀ ਕਰ ਦਿੱਤੇ ਗਏ ਹਨ, ਉਨ੍ਹਾਂ ਕਿਹਾ ਕਿ ਇਹ ਕੰਮ ਮਾਨਸੂਨ ਸੀਜ਼ਨ ਤੋਂ ਬਾਅਦ ਪੂਰਾ ਕਰ ਲਿਆ ਜਾਵੇਗਾ।

ਤੱਥਾਂ ਨਾਲ ਆਲੋਚਨਾ ਦਾ ਜਵਾਬ ਦਿੰਦੇ ਹੋਏ, ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਦੀ ਸਿੱਖਿਆ ਕਾਰਗੁਜ਼ਾਰੀ ਦਾ ਨਿਰਣਾ ਭਾਰਤ ਸਰਕਾਰ ਦੁਆਰਾ ਸੁਤੰਤਰ ਮੁਲਾਂਕਣਾਂ ਦੇ ਵਿਰੁੱਧ ਕੀਤਾ ਜਾਣਾ ਚਾਹੀਦਾ ਹੈ। ਪ੍ਰਦਰਸ਼ਨ ਗਰੇਡਿੰਗ ਇੰਡੈਕਸ 2.0 ਵਿੱਚ ਪੰਜਾਬ ਦੇਸ਼ ਭਰ ਵਿੱਚੋਂ ਸਿਖਰ 'ਤੇ ਹੈ। ਇਸ ਸਾਲ ਮਈ ਵਿੱਚ ਜਾਰੀ ਕੀਤੀ ਗਈ ਨੀਤੀ ਆਯੋਗ ਦੀ ਰਿਪੋਰਟ ਵਿੱਚ



ਕਲਾਸਰੂਮ ਸਿੱਖਣ ਦੇ ਨਤੀਜਿਆਂ ਵਿੱਚ ਪੰਜਾਬ ਨੂੰ ਪਹਿਲੇ ਸਥਾਨ 'ਤੇ ਰੱਖਿਆ ਗਿਆ ਹੈ, ਉਨ੍ਹਾਂ ਕਿਹਾ।

ਉਨ੍ਹਾਂ ਨੇ ਪਰਖ ਰਾਸ਼ਟਰੀ ਸਰਵੇਖਣ 2024 ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਪੰਜਾਬ ਸਿੱਖਿਆ ਵਿੱਚ ਦੇਸ਼ ਦੇ ਨੰਬਰ ਇੱਕ ਰਾਜ ਵਜੋਂ ਉਭਰਿਆ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਮੰਤਰਾਲੇ ਦੇ ਪ੍ਰੋਜੈਕਟ ਪ੍ਰਵਾਨਗੀ ਬੋਰਡ ਨੇ ਵੀ ਸਕੂਲ ਬੁਨਿਆਦੀ ਢਾਂਚੇ ਅਤੇ ਸਿੱਖਣ ਦੇ ਨਤੀਜਿਆਂ ਵਿੱਚ ਪੰਜਾਬ ਦੇ ਕੰਮ ਦੀ ਵਾਰ-ਵਾਰ ਸ਼ਲਾਘਾ ਕੀਤੀ ਹੈ।

ਰਾਜਨੀਤਿਕ ਆਲੋਚਨਾ ਜਨਤਕ ਜੀਵਨ ਦਾ ਹਿੱਸਾ ਹੈ, ਪਰ ਪੰਜਾਬ ਅਤੇ ਇਸਦੇ ਸਕੂਲਾਂ ਨੂੰ ਬਦਨਾਮ ਕਰਨ ਦੀਆਂ ਜਾਣਬੁੱਝ ਕੇ ਕੀਤੀਆਂ ਗਈਆਂ ਕੋਸ਼ਿਸ਼ਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੁੱਦਾ ਹਰਜੋਤ ਬੈਂਸ ਦਾ ਨਹੀਂ ਹੈ। ਤੁਸੀਂ ਮੇਰੀ ਜਿੰਨੀ ਮਰਜ਼ੀ ਆਲੋਚਨਾ ਕਰ ਸਕਦੇ ਹੋ। ਮੁੱਦਾ ਪੰਜਾਬ ਦਾ ਹੈ। ਅਸੀਂ ਪੰਜਾਬ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਨੂੰ ਬਰਦਾਸ਼ਤ ਨਹੀਂ ਕਰਾਂਗੇ, ਉਸਨੇ ਕਿਹਾ।

ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ 'ਉੜਤਾ ਪੰਜਾਬ' ਦੀ ਕਹਾਣੀ ਤੋਂ 'ਪਰਧਾ ਪੰਜਾਬ' ਵੱਲ ਵਧਿਆ ਹੈ, ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ 882 ਵਿਦਿਆਰਥੀਆਂ ਨੇ ਰਾਸ਼ਟਰੀ ਪੱਧਰ ਦੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਯੂਜੀ-ਨੀਟ 2026 ਪਾਸ ਕੀਤੀ ਹੈ। ਪੰਜਾਬ 'ਉੜਤਾ ਪੰਜਾਬ' ਤੋਂ 'ਪਰਧਾ ਪੰਜਾਬ' ਵੱਲ ਵਧਿਆ ਹੈ। ਅੱਜ, ਸਰਕਾਰੀ ਸਕੂਲਾਂ ਦੇ 882 ਵਿਦਿਆਰਥੀਆਂ ਨੇ ਯੂਜੀ-ਨੀਟ 2026 ਪਾਸ ਕੀਤੀ ਹੈ। ਸਿੱਖਿਆ ਵਿੱਚ ਪੰਜਾਬ ਦੇ ਪ੍ਰਦਰਸ਼ਨ ਨੂੰ ਰਾਸ਼ਟਰੀ ਪੱਧਰ 'ਤੇ ਮਾਨਤਾ ਦਿੱਤੀ ਜਾ ਰਹੀ ਹੈ, ਉਨ੍ਹਾਂ ਕਿਹਾ।

ਸਿੱਖਿਆ ਮੰਤਰੀ ਨੇ ਕਿਹਾ ਕਿ ਇਹ ਪ੍ਰਾਪਤੀਆਂ ਭਗਵੰਤ ਮਾਨ ਸਰਕਾਰ ਦੀ ਸਕੂਲ ਸਿੱਖਿਆ ਨੂੰ ਬਦਲਣ ਪ੍ਰਤੀ ਨਿਰੰਤਰ ਵਚਨਬੱਧਤਾ ਦਾ ਨਤੀਜਾ ਹਨ।

ਗੁਆਂਢੀ ਰਾਜ ਹਰਿਆਣਾ ਨਾਲ ਤੁਲਨਾ ਕਰਦੇ ਹੋਏ, ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸਿੱਖਿਆ ਨਾਲ ਸਬੰਧਤ ਮੁਲਾਂਕਣ ਦੇ ਅਨੁਸਾਰ, ਪਟਿਆਲਾ, ਜੋ ਕਿ ਪੰਜਾਬ ਦੇ ਅੰਦਰ 23ਵੇਂ ਸਥਾਨ 'ਤੇ ਹੈ, ਦਾ ਸਕੋਰ ਗੁਰੂਗ੍ਰਾਮ ਨਾਲੋਂ ਵੱਧ ਹੈ, ਜੋ ਕਿ ਹਰਿਆਣਾ ਦੇ ਜ਼ਿਲ੍ਹਿਆਂ ਵਿੱਚੋਂ ਪਹਿਲੇ ਸਥਾਨ 'ਤੇ ਹੈ। ਪਟਿਆਲਾ, ਜੋ ਕਿ ਪੰਜਾਬ ਦੇ ਅੰਦਰ 23ਵੇਂ ਸਥਾਨ 'ਤੇ ਹੈ, ਦਾ ਸਕੋਰ ਗੁਰੂਗ੍ਰਾਮ ਨਾਲੋਂ ਵੱਧ ਹੈ, ਜੋ ਕਿ ਹਰਿਆਣਾ ਦੇ ਜ਼ਿਲ੍ਹਿਆਂ ਵਿੱਚੋਂ ਪਹਿਲੇ ਸਥਾਨ 'ਤੇ ਹੈ। ਇਹ ਖੁਦ ਪੰਜਾਬ ਦੇ ਸਰਕਾਰੀ ਸਕੂਲਾਂ ਦੁਆਰਾ ਕੀਤੀ ਗਈ ਤਰੱਕੀ ਨੂੰ ਦਰਸਾਉਂਦਾ ਹੈ, ਉਨ੍ਹਾਂ ਕਿਹਾ, ਪੱਤਰਕਾਰਾਂ ਨੂੰ ਰਾਜ ਦੀ ਸਿੱਖਿਆ ਪ੍ਰਣਾਲੀ ਬਾਰੇ ਸਿੱਟੇ ਕੱਢਣ ਤੋਂ ਪਹਿਲਾਂ ਅੰਕੜਿਆਂ ਅਤੇ ਰਿਪੋਰਟਾਂ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਕਰਨ ਦੀ ਅਪੀਲ ਕੀਤੀ।

ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕਦੇ ਵੀ ਇਹ ਦਾਅਵਾ ਨਹੀਂ ਕੀਤਾ ਕਿ ਹਰ ਸਕੂਲ ਸੰਪੂਰਨ ਹੈ ਅਤੇ ਜਿੱਥੇ ਵੀ ਕਮੀਆਂ ਦੀ ਪਛਾਣ ਕੀਤੀ ਗਈ ਹੈ, ਉੱਥੇ ਸੁਧਾਰਾਤਮਕ ਕਾਰਵਾਈ ਕੀਤੀ ਜਾ ਰਹੀ ਹੈ। ਮੈਂ ਨਿੱਜੀ ਤੌਰ 'ਤੇ 2,000 ਤੋਂ ਵੱਧ ਸਕੂਲਾਂ ਦਾ ਨਿਰੀਖਣ ਕੀਤਾ ਹੈ। ਜਿੱਥੇ ਵੀ ਕਮੀਆਂ ਪਾਈਆਂ ਗਈਆਂ, ਉੱਥੇ ਸੁਧਾਰਾਤਮਕ ਕਾਰਵਾਈ ਸ਼ੁਰੂ ਕੀਤੀ ਗਈ। ਪੰਜਾਬ ਵਿੱਚ ਲਗਭਗ 20,000 ਸਰਕਾਰੀ ਸਕੂਲ ਹਨ ਅਤੇ ਇੰਨੇ ਵਿਸ਼ਾਲ ਨੈੱਟਵਰਕ ਨੂੰ ਬਣਾਈ ਰੱਖਣਾ ਇੱਕ ਨਿਰੰਤਰ ਪ੍ਰਕਿਰਿਆ ਹੈ, ਉਨ੍ਹਾਂ ਕਿਹਾ।

ਸਿੱਖਿਆ ਮੰਤਰੀ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਵਿੱਚ 7,000 ਤੋਂ ਵੱਧ ਸਕੂਲਾਂ ਨੂੰ ਹੜ੍ਹਾਂ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਨਾਲ ਬੁਨਿਆਦੀ ਢਾਂਚੇ ਦੀਆਂ ਵਾਧੂ ਚੁਣੌਤੀਆਂ ਪੈਦਾ ਹੋਈਆਂ ਹਨ, ਪਰ ਪੰਜਾਬ ਨੇ ਸਕੂਲੀ ਬੁਨਿਆਦੀ ਢਾਂਚੇ ਅਤੇ ਸਿੱਖਣ ਦੇ ਨਤੀਜਿਆਂ ਵਿੱਚ ਕਾਫ਼ੀ ਤਰੱਕੀ ਜਾਰੀ ਰੱਖੀ ਹੈ। ਲਗਭਗ 500 ਹੜ੍ਹ ਪ੍ਰਭਾਵਿਤ ਸਕੂਲਾਂ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ ਨੂੰ ਬਹਾਲੀ ਦੀ ਲੋੜ ਹੈ। ਬਹਾਲੀ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ ਅਤੇ ਫੰਡਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ, ਜਿਸ ਵਿੱਚ ਵਿਸ਼ਵ ਬੈਂਕ ਤੋਂ ਸਹਾਇਤਾ ਵੀ ਸ਼ਾਮਲ ਹੈ, ਉਨ੍ਹਾਂ ਕਿਹਾ।

ਉਨ੍ਹਾਂ ਕਿਹਾ ਕਿ ਸਰਕਾਰ ਨੇ ਸਪੱਸ਼ਟ ਟੀਚਾ ਰੱਖਿਆ ਹੈ ਕਿ ਅਗਲੇ ਦੋ ਸਾਲਾਂ ਦੇ ਅੰਦਰ, ਪੰਜਾਬ ਦੇ ਕਿਸੇ ਵੀ ਸਰਕਾਰੀ ਸਕੂਲ ਵਿੱਚ ਬੁਨਿਆਦੀ ਢਾਂਚੇ ਦੀ ਕੋਈ ਵੱਡੀ ਘਾਟ ਨਹੀਂ ਹੋਵੇਗੀ। ਸਿੱਖਿਆ ਮੰਤਰੀ ਨੇ ਯਾਦ ਕੀਤਾ ਕਿ ਜਦੋਂ ਸਰਕਾਰ ਨੇ ਪਹਿਲਾਂ ਸਕੂਲਾਂ ਵਿੱਚ ਬੁਨਿਆਦੀ ਪਖਾਨਿਆਂ ਦੀਆਂ ਸਹੂਲਤਾਂ ਦੀ ਘਾਟ ਨੂੰ ਉਜਾਗਰ ਕੀਤਾ ਸੀ ਅਤੇ ਸੁਧਾਰਾਤਮਕ ਉਪਾਅ ਸ਼ੁਰੂ ਕੀਤੇ ਸਨ, ਤਾਂ ਇਸਦੀ ਰਾਜਨੀਤਿਕ ਆਲੋਚਨਾ ਅਤੇ ਟ੍ਰੋਲਿੰਗ ਹੋਈ ਸੀ।

ਉਨ੍ਹਾਂ ਕਿਹਾ ਕਿ ਸਰਕਾਰ ਨੇ ਵਿਦਿਆਰਥਣਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ ਹੈ ਜਿਨ੍ਹਾਂ ਨੇ ਢੁਕਵੀਂ ਟਾਇਲਟ ਸਹੂਲਤਾਂ ਦੀ ਅਣਹੋਂਦ ਕਾਰਨ ਹੋਣ ਵਾਲੀਆਂ ਮੁਸ਼ਕਲਾਂ ਬਾਰੇ ਗੱਲ ਕੀਤੀ ਸੀ। ਉਨ੍ਹਾਂ ਕਿਹਾ, ਅੱਜ, ਜਿਨ੍ਹਾਂ ਲੋਕਾਂ ਨੇ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਦੇ ਸਾਡੇ ਯਤਨਾਂ ਨੂੰ ਰਾਜਨੀਤਿਕ ਮੁੱਦਾ ਬਣਾਉਣ ਦੀ ਕੋਸ਼ਿਸ਼ ਕੀਤੀ, ਉਹ ਖੁਦ 2018 ਦਾ ਇੱਕ ਵੀਡੀਓ ਘੁੰਮਾਉਂਦੇ ਫੜੇ ਗਏ ਹਨ ਜਿਵੇਂ ਕਿ ਇਹ ਮੌਜੂਦਾ ਸਥਿਤੀ ਨੂੰ ਦਰਸਾਉਂਦਾ ਹੈ।

ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਅਸਲ ਕਮੀ ਨੂੰ ਦੂਰ ਕਰਨ ਲਈ ਵਚਨਬੱਧ ਹੈ ਅਤੇ ਜਿੱਥੇ ਵੀ ਕਮੀਆਂ ਦੀ ਪਛਾਣ ਕੀਤੀ ਗਈ ਹੈ, ਉੱਥੇ ਕਾਰਵਾਈ ਜਾਰੀ ਰੱਖੇਗੀ। ਉਨ੍ਹਾਂ ਕਿਹਾ, ਪੱਤਰਕਾਰਾਂ ਅਤੇ ਜਨਤਾ ਨੂੰ ਵੀਡੀਓਜ਼ ਨੂੰ ਸਾਂਝਾ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਪੁਸ਼ਟੀ ਕਰਨੀ ਚਾਹੀਦੀ ਹੈ। ਪੰਜਾਬ ਦੀਆਂ ਵਿਦਿਅਕ ਪ੍ਰਾਪਤੀਆਂ ਦਾ ਨਿਰਣਾ ਪ੍ਰਮਾਣਿਤ ਤੱਥਾਂ 'ਤੇ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਸੋਸ਼ਲ ਮੀਡੀਆ ਸਮੱਗਰੀ ਨੂੰ ਗੁੰਮਰਾਹਕੁੰਨ ਬਣਾਉਣ 'ਤੇ।

# ਚੰਡੀਗੜ੍ਹ ਖੇਡ ਵਿਭਾਗ ਵੱਲੋਂ ਵੇਟਲਿਫਟਿੰਗ ਟੂਰਨਾਮੈਂਟ ਦਾ ਆਯੋਜਨ; ਲਗਭਗ 180 ਨੌਜਵਾਨ ਐਥਲੀਟਾਂ ਨੇ ਹਿੱਸਾ ਲਿਆ

**ਚੰਡੀਗੜ੍ਹ, 21 ਅਗਸਤ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਖੇਡ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ 20 ਤੋਂ 21 ਅਗਸਤ 2026 ਤੱਕ ਯੂਥ ਅਤੇ ਜੂਨੀਅਰ ਵਰਗਾਂ ਵਿੱਚ ਲੜਕਿਆਂ ਅਤੇ ਲੜਕੀਆਂ ਲਈ ਦੋ ਦਿਨਾਂ



ਵੇਟਲਿਫਟਿੰਗ ਟੂਰਨਾਮੈਂਟ ਦਾ ਆਯੋਜਨ ਵੇਟਲਿਫਟਿੰਗ ਹਾਲ, ਸਪੋਰਟਸ ਕੰਪਲੈਕਸ, ਸੈਕਟਰ-42, ਚੰਡੀਗੜ੍ਹ ਵਿਖੇ ਕਰ ਰਿਹਾ ਹੈ। ਚੰਡੀਗੜ੍ਹ ਦੇ ਲਗਭਗ 180 ਨੌਜਵਾਨ ਵੇਟਲਿਫਟਿੰਗ ਖਿਡਾਰੀ ਵਿਭਿੰਨ ਉਮਰ ਸਮੂਹਾਂ, ਭਾਰ ਵਰਗਾਂ ਅਤੇ ਲਿਫਟਿੰਗ ਮੁਕਾਬਲਿਆਂ ਵਿੱਚ ਹਿੱਸਾ ਲੈ ਰਹੇ ਹਨ। ਇਸ ਟੂਰਨਾਮੈਂਟ ਦਾ ਉਦੇਸ਼ ਨੌਜਵਾਨ ਐਥਲੀਟਾਂ ਨੂੰ ਜ਼ਮੀਨੀ ਪੱਧਰ 'ਤੇ ਵੇਟਲਿਫਟਿੰਗ ਨੂੰ ਹੁਲਾਰਾ ਦਿੰਦੇ ਹੋਏ ਆਪਣੀ ਤਾਕਤ, ਤਕਨੀਕ ਅਤੇ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਇੱਕ ਪ੍ਰਤੀਯੋਗੀ ਪਲੇਟਫਾਰਮ ਪ੍ਰਦਾਨ ਕਰਨਾ ਹੈ। ਇਸ ਟੂਰਨਾਮੈਂਟ ਦਾ ਉਦਘਾਟਨ ਡਾ. ਅਤੁਲ ਧਕਨੇ, ਡੈਨਿਕਸ, ਐਡੀਸ਼ਨਲ ਡਾਇਰੈਕਟਰ ਸਪੋਰਟਸ ਨੇ ਕੀਤਾ। ਉਨ੍ਹਾਂ ਨੇ ਪ੍ਰਤੀਭਾਗੀ ਖਿਡਾਰੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਅਨੁਸ਼ਾਸਨ, ਸਮਰਪਣ ਅਤੇ ਸਕਾਰਾਤਮਕ ਦ੍ਰਿਸ਼ਟੀਕੋਣ ਨਾਲ ਖੇਡਾਂ ਵਿੱਚ ਉਤਕ੍ਰਿਸ਼ਟਤਾ ਹਾਸਲ ਕਰਨ ਲਈ ਪ੍ਰੇਰਿਤ ਕੀਤਾ। 45 ਕਿਲੋਗ੍ਰਾਮ ਯੂਥ ਗਰਲਸ ਵਰਗ ਵਿੱਚ, ਅਰਸ਼ੀਆ ਗੋਸਵਾਮੀ ਨੇ ਕੁੱਲ 101 ਕਿਲੋਗ੍ਰਾਮ ਭਾਰ ਚੁੱਕ ਕੇ ਪਹਿਲਾ ਸਥਾਨ ਹਾਸਲ ਕੀਤਾ। ਉਨ੍ਹਾਂ ਨੇ ਸਨੈਚ ਵਿੱਚ 46 ਕਿਲੋਗ੍ਰਾਮ ਅਤੇ ਕਲੀਨ ਐਂਡ ਜਰਕ ਵਿੱਚ 55 ਕਿਲੋਗ੍ਰਾਮ ਭਾਰ ਉਠਾਇਆ। 11 ਵਰ੍ਹਿਆਂ ਦੀ ਅਰਸ਼ੀਆ ਸਪੋਰਟਸ ਕੰਪਲੈਕਸ, ਸੈਕਟਰ-42 ਦੀ ਟ੍ਰੇਨੀ ਹੈ ਅਤੇ ਕੋਚ ਸ਼੍ਰੀ ਕਰਨਬੀਰ ਸਿੰਘ ਬੁੱਟਰ ਦੇ ਮਾਰਗਦਰਸ਼ਨ ਵਿੱਚ ਟ੍ਰੇਨਿੰਗ ਪ੍ਰਾਪਤ ਕਰ ਰਹੀ ਹੈ। ਅਰਮੀਤ ਕੌਰ, ਉਮਰ 8 ਵਰ੍ਹੇ, ਨੇ ਕੁੱਲ 53 ਕਿਲੋਗ੍ਰਾਮ ਭਾਰ ਚੁੱਕ ਕੇ ਦੂਸਰਾ ਸਥਾਨ ਹਾਸਲ ਕੀਤਾ। ਉਨ੍ਹਾਂ ਨੇ ਵਿੱਚ ਸਨੈਚ ਵਿੱਚ 24 ਕਿਲੋਗ੍ਰਾਮ ਅਤੇ ਕਲੀਨ ਐਂਡ ਜਰਕ ਵਿੱਚ 29 ਕਿਲੋਗ੍ਰਾਮ ਭਾਰ ਉਠਾਇਆ। ਲਵਪ੍ਰੀਤ ਕੌਰ ਨੇ ਕੁੱਲ 51 ਕਿਲੋਗ੍ਰਾਮ ਭਾਰ ਚੁੱਕ ਕੇ ਤੀਸਰਾ ਸਥਾਨ ਹਾਸਲ ਕੀਤਾ। ਉਨ੍ਹਾਂ ਨੇ ਸਨੈਚ ਵਿੱਚ 21 ਕਿਲੋਗ੍ਰਾਮ ਅਤੇ ਕਲੀਨ ਐਂਡ ਜਰਕ ਵਿੱਚ 30 ਕਿਲੋਗ੍ਰਾਮ ਭਾਰ ਉਠਾਇਆ। ਵਿਭਿੰਨ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਜੇਤੂਆਂ ਨੂੰ ਕ੍ਰਮਵਾਰ 5,000, ?3,000 ਅਤੇ ?2,000 ਦੀ ਨਕਦ ਪੁਰਸਕਾਰ ਰਿਸ਼ੀ ਪ੍ਰਦਾਨ ਕੀਤੀ ਜਾਵੇਗੀ। ਇਸ ਅਵਸਰ 'ਤੇ ਡਾ. ਮਹਿੰਦਰ ਸਿੰਘ, ਜੁਆਇੰਟ ਡਾਇਰੈਕਟਰ ਸਪੋਰਟਸ ਅਤੇ ਡਾ. ਭਗਵੰਤ ਸਿੰਘ, ਆਈਵਾਈਏ ਵੀ ਉਪਸਥਿਤ ਰਹੇ। ਚੰਡੀਗੜ੍ਹ ਪ੍ਰਸ਼ਾਸਨ ਦਾ ਖੇਡ ਵਿਭਾਗ ਯੁਵਾ ਖਿਡਾਰੀਆਂ ਨੂੰ ਗੁਣਵੱਤਾਪੂਰਨ ਖੇਡ ਅਵਸਰ ਅਤੇ ਪ੍ਰਤੀਯੋਗੀ ਪਲੇਟਫਾਰਮ ਉਪਲਬਧ ਕਰਵਾਉਣ ਲਈ ਨਿਰੰਤਰ ਪ੍ਰਯਾਸਰਤ ਹੈ, ਤਾਕਿ ਪ੍ਰਤਿਭਾਵਾਂ ਨੂੰ ਨਿਖਾਰਨ ਦੇ ਨਾਲ-ਨਾਲ ਉਨ੍ਹਾਂ ਨੂੰ ਖੇਡਾਂ ਵਿੱਚ ਉਤਕ੍ਰਿਸ਼ਟਤਾ ਹਾਸਲ ਕਰਨ ਲਈ ਪ੍ਰੋਤਸਾਹਿਤ ਕੀਤਾ ਜਾ ਸਕੇ।

# ਆਈਸੀਆਈਸੀਆਈ ਪ੍ਰੂਡੈਂਸ਼ੀਅਲਲਾਈਫ ਨੇ ਬੀਐਸਈ 500 ਮੋਮੈਂਟਮ ਵੈਲਿਊ 50 ਇੰਡੈਕਸ ਫੰਡ ਨੇ ਲਾਂਚ ਕੀਤਾ

**ਜਲੰਧਰ, 21 ਅਗਸਤ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਕੰਪਨੀ ਨੇ ਆਈਸੀ ਆਈਸੀਆਈਪ੍ਰੂਡੈਂਸ਼ੀਅਲ ਲਾਈਫ ਬੀਐਸਈ 500 ਮੋਮੈਂਟਮ ਵੈਲਿਊ 50 ਇੰਡੈਕਸ ਫੰਕਸ਼ਨ ਲਾਂਚ ਕੀਤਾ ਹੈ। ਇਹ 'ਵੈਲਿਊ ਅਤੇ ਮੋਮੈਂਟਮ' (ਮੁੱਲ ਅਤੇ ਕੀਮਤ) 'ਤੇ ਆਧਾਰਿਤ ਨਿਵੇਸ਼ ਵਿਕਲਪ ਹੈ ਜੋ ਗਾਹਕਾਂ ਨੂੰ ਚੁਣਿੰਦਾ ਯੂਨਿਟ-ਲਿੰਕਡਇੰਸ਼ਿਓਰੈਂਸ ਪਲਾਨ (ਯੂਲਿਪ) ਦੇ ਉੱਚ ਪੱਧਰ 'ਤੇ ਇਕਵਿਟੀ ਵਿੱਚ ਨਿਵੇਸ਼ ਦੇ ਮੌਕੇ ਦਾ ਲਾਭ ਉਠਾਉਣ ਦਾ ਮੌਕਾ ਪ੍ਰਦਾਨ ਕਰਦਾ ਹੈ। ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ਯੋਰੈਂਸ ਦੇ ਮੁੱਖ ਨਿਵੇਸ਼ਕ, ਸ਼੍ਰੀ ਮਨੀਸ਼ ਕੁਮਾਰ ਨੇ ਆਪਣੀ ਟਿੱਪਣੀ ਵਿੱਚ ਕਿਹਾ, BSIE@@ ਮੋਮੈਂਟਮ ਵੈਲੂ 50 ਇੰਡੈਕਸ ਫੰਕਸ਼ਨ ਗਾਹਕਾਂ ਲਈ ਇੱਕ ਅਨੁਸ਼ਾਸਿਤ ਅਤੇ ਪਾਰਦਰਸ਼ੀ ਨਿਵੇਸ਼ ਰਣਨੀਤੀ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ, ਜੋ ਨਿਵੇਸ਼ ਕਰੋ ਦੇ ਦੋ ਮਹੱਤਵਪੂਰਨ ਕਾਰਕਾਂ - ਵੈਲੂ ਅਤੇ ਮੋਮੈਂਟਮ - ਕੋਜੋੜਤਾ ਹੈ। ਇਸ ਤਰ੍ਹਾਂ ਦੀ ਕੀਮਤ 'ਤੇ ਕੀਮਤ ਦੀ ਕੀਮਤ 'ਤੇ ਖਰੀਦਦਾਰੀ ਦਾ ਭਰੋਸਾ ਮਿਲ ਰਿਹਾ ਹੈ, ਉਹੀ ਚੰਗੀ ਤਾਕਤ ਨਾਲ ਮਾਰਕੀਟ ਹੋ ਸਕਦੀ ਹੈ। ਇਹ ਰਣਨੀਤੀ ਇਨਦੋ ਤੱਤ ਨੂੰ ਮਿਲਾਕਰ ਉਨ੍ਹਾਂ ਕੰਪਨੀਆਂ ਦੀ ਪਛਾਣ ਕਰ ਪਾਤੀ ਹੈ ਜੋ ਦੋਨੋਂ ਪੈਮਾਨਾਂ ਉੱਤੇ ਮਜ਼ਬੂਤ ਵਿਖਾਈਐਂ। ਨਿਵੇਸ਼ਕਾਂ ਦੇ ਮੁਲਾਂਕਣ ਲਈ ਧਿਆਨ ਦੇਣ ਵਿੱਚ ਮੁੱਖ ਤੌਰ 'ਤੇ ਉਭਰਦੇ ਮੌਕੇ ਭਾਗ ਲੈਣ ਵਿੱਚਮਦ ਮਿਲਤੀ ਹੈ। ਇਸ ਰਣਨੀਤੀ ਦੇ ਆਧਾਰ 'ਤੇ ਅਨੁਕੂਲਤਾ ਦੀ ਪਾਲਣਾ ਕੀਤੀ ਜਾਂਦੀ ਹੈ ਅਤੇ ਪੱਧਰ 'ਤੇ ਪੋਰਟਲਿਓ ਦੀ ਸਮੀਖਿਆ ਦੀ ਕਿਸਮ ਹੈ, ਇਹ ਬਦਲਦੇ ਬਾਜ਼ਾਰ ਮੁੱਲਾਂਕਣ ਅਤੇ ਵਿਕਾਸ ਦੇ ਨਾਲ ਪਾਤਾ ਹੈ। ਸਾਡਾ ਮੰਨਣਾ ਹੈ ਕਿ ਇਸ ਦ੍ਰਿਸ਼ਟੀਕੋਣ ਤੋਂ ਗਾਹਕਾਂ ਨੂੰ ਨਿਵੇਸ਼ ਦਾ ਅਨੁਸ਼ਾਸਨ ਬਣਾਇਆ ਜਾ ਸਕਦਾ ਹੈ ਕਿ ਵੱਡੀ ਮਾਤਰਾ ਵਿੱਚ ਇਵਕਟੀ ਵਧਣ ਵਿੱਚ ਭਾਗ ਲੈਣ ਦਾ ਵੱਖਰਾ ਤਰੀਕਾ ਮਿਲ ਸਕਦਾ ਹੈ। ਇਹ ਫੰਕਸ਼ਨ ਗਾਹਕਾਂ ਨੂੰ ਬੀਐਸਈ 500 ਖੰਡਾਂ ਤੋਂ ਚੁਣੀ ਗਈ 50 ਕੰਪਨੀਆਂ ਦੇ ਵਿਭਿੰਨਤ ਪੇਸ਼ਕਾਰੀ ਵਿੱਚ ਨਿਵੇਸ਼ ਦਾ ਮੌਕਾ ਪ੍ਰਦਾਨ ਕਰਦਾ ਹੈ ਅਤੇ ਆਈਸੀਆਈਸੀਆਈ ਪ੍ਰੂ ਬੀਐਸਈ 500 ਮੋਮੈਂਟਮ ਵੈਲਿਊ 50 ਕਵਲਇਜ਼ਡਇੰਡੈਕਸ ਦਾ ਵਿਕਲਪ ਤਿਆਰ ਕਰਦਾ ਹੈ। ਜੇਕਰ ਤਾਂ 50 ਪਾਵਰਾਂ ਦਾ ਸਮੂਹ ਤਿਆਰ ਕਰਨ ਲਈ ਅਗਲੇ ਸਹੀ ਪ੍ਰਦਰਸ਼ਨ ਨੂੰ ਚੁਣਿਆ ਜਾਵੇਗਾ। ਵਿਚਾਰਾਂ ਦੇ ਨਿਯਮਾਂ 'ਤੇ ਆਧਾਰਿਤ ਨਜ਼ਰੀਏ ਸਮੇਂ-ਸਮੇਂ 'ਤੇ ਪੋਰਟਲਿਓ ਵਿੱਚ ਤਬਦੀਲੀ ਕਰਨ ਵਿੱਚ ਮਦਦ ਕਰਦਾ ਹੈ ਕਿ ਬਾਜ਼ਾਰ ਮੁੱਲਾਂਕਣ ਅਤੇ ਸਰਕਾਰ ਬਦਲਦੇ ਰਹਿੰਦੇ ਹਨ, ਗਾਹਕਾਂ ਦੀ ਪਾਰਦਰਸ਼ੀ ਅਤੇ ਨਿਵੇਸ਼ਕ ਨਿਵੇਸ਼ ਪ੍ਰਾਪਤ ਕਰਦਾ ਹੈ।ਇਸ ਤੋਂ ਇਲਾਵਾ, 27 ਦੀ ਪਹਿਲੀ ਵਿੱਤੀ ਸਾਲ ਦੇ ਸਮੇਂ 'ਕੰਪਨੀ ਦਾ ਦਾਅਵਾ ਪ੍ਰਤੀਤਕਤਾ 99.3% ਬਾਗੈਰ ਜਾਂਚ ਵਾਲੇ ਨਿੱਜੀ ਦਾਵੇ ਲਈ ਔਸਤ ਇੱਕ ਦਿਨ ਵਿੱਚ ਨਿਪਟਾਨ ਕੀਤਾ ਗਿਆ। ਗਾਹਕਾਂ ਅਤੇ ਪਰਿਵਾਰਾਂ ਨੇ ਇਸ ਨੂੰ ਪੂਰਾ ਕਰਨ ਲਈ ਕੰਪਨੀ ਦੀ ਪ੍ਰਤੀ ਕੋਸ਼ਿਸ਼ ਕੀਤੀ ਹੈ। 30 ਜੂਨ 2026 ਤੱਕ,ਕੰਪਨੀ ਦੀ ਪ੍ਰਬੰਧਨ ਪਰਸੰਪਤੀ (ਏ.ਯੂ.ਐਮ.) 3.34 ਲੱਖ ਕਰੋੜ ਰੁਪਏ ਥੀ ਅਤੇ ਸ਼ੁਰੂਆਤੀ ਸੇ ਵੀ ਕੰਪਨੀ ਪਾਸ ਕੋਈ ਗੈਰ-ਪ੍ਰਾਪਤਕ ਪਰਿਸੰਪਤੀ (ਐਨਪੀਏ)ਨਹੀਂ ਹਨ, ਇਹ ਸਪੱਸ਼ਟ ਹੈ ਕਿ ਪਰਸੰਪਤੀ ਖਾਤਾ ਮਜ਼ਬੂਤ ਹੈ।

# ਝਾੜ ਸਾਹਿਬ ਕਾਲਜ ਵਿਖੇ ਰਾਸ਼ਟਰੀ ਲਾਇਬ੍ਰੇਰੀਅਨ ਡੇ ਮਨਾਇਆ ਗਿਆ



**ਮਾਛੀਵਾੜਾ ਸਾਹਿਬ, 21 ਅਗਸਤ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ(ਲੁਧਿ.) ਦੇ ਪ੍ਰਿੰਸੀਪਲ ਡਾ.ਰਜਿੰਦਰ ਕੌਰ ਦੇ ਦਿਸ਼ਾ ਨਿਰਦੇਸ਼ ਅਤੇ ਆਈ.ਕਿਉਂ.ਏ.ਸੀ ਦੇ ਸਹਿਯੋਗ ਅਤੇ ਕਾਲਜ ਦੀ ਲਾਇਬ੍ਰੇਰੀ ਵਿਭਾਗ ਦੇ ਇੰਚਾਰਜ ਲਾਇਬ੍ਰੇਰੀਅਨ ਕੁਲਵਿੰਦਰ ਕੌਰ ਦੀ ਯੋਗ ਅਗਵਾਈ ਹੇਠ ਕਾਲਜ ਵਿੱਚ ਰਾਸ਼ਟਰੀ ਲਾਇਬ੍ਰੇਰੀਅਨ ਡੇ ਮਨਾਇਆ ਗਿਆ।

ਇਸ ਮੌਕੇ ਕਾਲਜ ਦੀ ਲਾਇਬ੍ਰੇਰੀਅਨ ਕੁਲਵਿੰਦਰ ਕੌਰ ਨੇ ਕਾਲਜ ਦੀਆਂ ਵਿਦਿਆਰਥਣਾਂ ਨੂੰ ਡਾ.ਐਸ.ਆਰ.ਰੰਗਾਨਾਥਨ ਦੇ ਲਾਇਬ੍ਰੇਰੀ ਸਾਇੰਸ ਵਿੱਚ ਪਾਏ ਯੋਗਦਾਨ ਬਾਰੇ ਜਾਣੂ ਕਰਵਾਇਆ।

ਉਨ੍ਹਾਂ ਇਸ ਮੌਕੇ ਲਾਇਬ੍ਰੇਰੀ ਦੇ ਨਿਯਮਾਂ ਤੋਂ ਜਾਣੂ ਕਰਵਾਉਂਦੇ ਹੋਏ ਕਿਹਾ ਇਹ ਕਿਤਾਬਾਂ ਸਾਡੇ ਸਰਵਪੱਖੀ ਵਿਕਾਸ ਅਤੇ ਜੀਵਨ ਵਿੱਚ ਸਫਲ ਹੋਣ ਲਈ ਜ਼ਰੂਰੀ ਭੂਮਿਕਾ ਨਿਭਾਉਂਦੀਆਂ ਹਨ। ਉਹਨਾਂ ਕਾਲਜ ਲਾਇਬ੍ਰੇਰੀ ਵਿੱਚ ਉਪਲੱਬਧ ਕਿਤਾਬਾਂ, ਮੈਗਜ਼ੀਨ ਅਤੇ ਅਖਬਾਰਾਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਕਵਿਤਾ ਉਚਾਰਨ ਪ੍ਰਤੀਯੋਗਤਾ ਵੀ ਕਰਵਾਈ ਗਈ। ਜਿਸ ਦਾ ਵਿਸ਼ਾ ਲਾਇਬ੍ਰੇਰੀ ਅਤੇ ਪੁਸਤਕਾਂ ਸੀ। ਇਸ ਪ੍ਰਤੀਯੋਗਤਾ ਵਿੱਚ ਵਿਦਿਆਰਥਣਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਜਿਸ ਵਿੱਚ ਵਿਦਿਆਰਥਣ ਅਰਸ਼ਦੀਪ ਕੌਰ ਬੀ.ਏ. ਭਾਗ ਦੂਜਾ) ਨੇ ਪਹਿਲਾ ਸਥਾਨ, ਗੁਰਪ੍ਰੀਤ ਕੌਰ ਵਿਦਿਆਰਥਣ(ਬੀ.ਏ ਭਾਗ ਦੂਜਾ) ਨੇ ਦੂਜਾ ਸਥਾਨ ਅਤੇ ਵਿਦਿਆਰਥਣ ਗੁਰਪ੍ਰੀਤ ਕੌਰ(ਬੀ.ਏ. ਭਾਗ ਦੂਜਾ) ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਦੌਰਾਨ ਡਾ.ਸੁਨੀਤਾ ਕੌਸ਼ਲ, ਅਸਿ. ਪ੍ਰੋ.ਸਿਮਰਨਪ੍ਰੀਤ ਕੌਰ, ਅਸਿ. ਪ੍ਰੋ. ਡਾ. ਪ੍ਰਭਜੋਤ ਕੌਰ, ਅਸਿ .ਪ੍ਰੋ.ਸ਼ਹਿਨਾਜ, ਅਸਿ. ਪ੍ਰੋ.ਅਰਸਦੀਪ ਕੌਰ, ਅਸਿ.ਪ੍ਰੋ. ਜਸਪ੍ਰੀਤ ਕੌਰ, ਅਸਿ.ਪ੍ਰੋ.ਨਵਨੀਤ ਕੌਰ, ਬੀਬੀ ਹਰਜੋਤ ਕੌਰ ਹਾਜ਼ਰ ਸਨ। ਇਸ ਮੌਕੇ ਕਾਲਜ ਪ੍ਰਿੰਸੀਪਲ ਨੇ ਕਿਹਾ ਇਹ ਪ੍ਰੋਗਰਾਮ ਵਿਦਿਆਰਥਣਾਂ ਨੂੰ ਕਿਤਾਬਾਂ ਦੀ ਮਹੱਤਤਾ ਤੋਂ ਜਾਣੂ ਕਰਵਾਉਣ ਦਾ ਉਪਰਾਲਾ ਹੈ। ਲਾਇਬ੍ਰੇਰੀ ਉਹ ਮਹੱਤਵਪੂਰਨ ਥਾਂ ਹੈ ਜਿੱਥੇ ਗਿਆਨ ਦਾ ਭੰਡਾਰ ਹੁੰਦਾ ਹੈ ਤੇ ਖੋਜੀ ਵਿਦਿਆਰਥੀ ਦਾ ਮੰਦਰ ਜੋ ਬਿਨ੍ਹਾਂ ਕਿਸੇ ਭੇਦ ਦੇ ਸਾਰਿਆਂ ਨੂੰ ਸੂਝ ਪ੍ਰਦਾਨ ਕਰਦਾ ਹੈ। ਇਸ ਲਈ ਕਾਲਜ ਵਿਖੇ ਅਜਿਹੇ ਪ੍ਰੋਗਰਾਮ ਸਮੇਂ-ਸਮੇਂ ਤੇ ਆਯੋਜਿਤ ਕੀਤੇ ਜਾਂਦੇ ਹਨ ਤਾਂ ਜੋ ਵਿਦਿਆਰਥੀ ਸਮੇਂ ਦੇ ਹਾਣੀ ਬਣ ਸਕਣ।

# ਕਲਾਸਿਕ ਫਰਨੀਚਰ ਮੋਰਿੰਡਾ ਵਲੋਂ ਸਾਵਣ ਦੇ ਨਵਰਾਤਿਆਂ ਨੂੰ ਸਮਰਪਿਤ ਕੁਲਚੇ ਛੋਲਿਆ ਦਾ ਲੰਗਰ ਲਗਾਇਆ



**ਮੋਰਿੰਡਾ, 21 ਅਗਸਤ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਕਲਾਸਿਕ ਫਰਨੀਚਰ ਮੋਰਿੰਡਾ ਵਲੋਂ ਸਹਿਰ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾ ਇਸ ਸਾਲ ਵੀ ਸਾਵਣ ਦੇ ਨਵਰਾਤਿਆਂ ਨੂੰ ਸਮਰਪਿਤ 37ਵਾਂ 7ਰੋਜ਼ਾ ਲੰਗਰ ਲਗਾਇਆ ਗਿਆ। ਵੀਰਵਾਰ ਨੂੰ ਅਸ਼ਟਮੀ ਦੇ ਦਿਨ ਖਾਸ ਤੌਰ ਤੇ ਕੁਲਚੇ ਛੋਲਿਆਂ ਦਾ ਲੰਗਰ ਚਲਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਨਿੰਦਰ ਸਿੰਘ ਮਾਨਖੇੜੀ ਤੇ ਜਸਵਿੰਦਰ ਸਿੰਘ ਕੋਹਲੀ ਨੇ ਦੱਸਿਆ ਕਿ ਕਲਾਸਿਕ ਫਰਨੀਚਰ ਦੇ ਮਾਲਿਕ ਰਾਮਜੀ ਦਾਸ ਦੇ ਸਪੁੱਤਰ ਅਨਿਲ ਧੀਮਾਨ ਦੀ ਅਗਵਾਈ ਵਿੱਚ ਪਿਛਲੇ 36 ਸਾਲਾ ਤੋਂ ਹਰ ਸਾਲ ਸਾਵਣ ਦੇ ਨਵਰਾਤਿਆਂ ਨੂੰ ਸਮਰਪਿਤ ਮਾਤਾ ਦੇ ਦਰਸ਼ਨਾਂ ਨੂੰ ਆਉਣ-ਜਾਣ ਵਾਲੇ ਭਗਤਾਂ ਲਈ 7 ਦਿਨ ਲਗਾਤਾਰ ਲੰਗਰ ਲਗਾਇਆ ਜਾਂਦਾ ਹੈ। ਜਿਸ ਦੇ ਚਲਦਿਆਂ ਇਸ ਸਾਲ ਵੀ ਸਾਵਣ ਦੇ ਨਵਰਾਤਰਿਆਂ ਨੂੰ ਸਮਪਿਤ ਲਗਾਤਾਰ ਸੱਤ ਦਿਨ ਲੰਗਰ ਲਗਾਇਆ ਗਿਆ । । ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਮਜੀ ਦਾਸ ਧੀਮਾਨ, ਅਵੀਨੰਦਨ ਧੀਮਾਨ, ਅਨਿਲ ਧੀਮਾਨ, ਪਰਵਿੰਦਰ ਸਿੰਘ ਸੋਨੂੰ ਖੁਰਲ, ਹਰਜੀਤ ਸਿੰਘ ਸੱਲ੍ਹ, ਕੁਲਵਿੰਦਰ ਸਿੰਘ,ਮਨਿੰਦਰ ਸਿੰਘ ਮਾਨਖੇੜੀ, ਜਸਵਿੰਦਰ ਸਿੰਘ ਕੋਹਲੀ, ਲਖਵੀਰ ਸਿੰਘ ਛੋਟੀ ਮੜੌਲੀ ਆਦਿ ਹਾਜ਼ਰ ਸਨ।

# ਸਰਕਾਰੀ ਕਾਲਜ ਮਾਛੀਵਾੜਾ ਦਾ ਬੀ.ਬੀ.ਏ. ਦੇ ਤੀਜੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ



**ਮਾਛੀਵਾੜਾ ਸਾਹਿਬ, 21 ਅਗਸਤ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਸਰਕਾਰੀ ਕਾਲਜ ਮਾਛੀਵਾੜਾ ਵਿਦਿਆਰਥੀਆਂ ਨੂੰ ਕਿੱਤਾ-ਮੁੱਖੀ ਸਿੱਖਿਆ ਦੇਣ ਲਈ ਵਚਨਬੱਧ ਹੈ ਪ੍ਰਿੰਸੀਪਲ ਨੰਦਨੀ ਵੈਦ ਦੀ ਯੋਗ ਅਗਵਾਈ ਵਿੱਚ ਕਾਲਜ ਦੇ ਵਿਦਿਆਰਥੀ ਵਿਦਿਅਕ ਖੇਤਰ ਵਿੱਚ ਮੱਲਾਂ ਮਾਰ ਰਹੇ ਹਨ ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ ਦੇ ਐਲਾਨੇ ਨਤੀਜਿਆਂ ਵਿੱਚ ਕਾਲਜ ਦੇ ਬੀ.ਬੀ.ਏ. ਵਿਭਾਗ ਦਾ ਨਤੀਜਾ ਸ਼ਾਨਦਾਰ ਰਿਹਾ। ਬੀ ਬੀ ਏ ਤੀਜੇ ਸਮੈਸਟਰ ਦੇ ਨਤੀਜਿਆਂ ਦੌਰਾਨ ਵਿਭਾਗ ਦੀ ਵਿਦਿਆਰਥਣ ਦਮਨਪ੍ਰੀਤ ਕੌਰ ਨੇ SGPA G.HC ਨਾਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚੋਂ ਦੂਜਾ ਸਥਾਨ ਹਾਸਿਲ ਕੀਤਾ। ਇਸਦੇ ਨਾਲ ਹੀ ਜਸ਼ਨਦੀਪ ਕੌਰ ਨੇ SGPA G.BI ਨਾਲ ਕਲਾਸ ਵਿਚੋਂ ਦੂਜੀ ਅਤੇ ਅਨਮੋਲਦੀਪ ਕੌਰ ਨੇ SGPA G.@D ਨਾਲ ਤੀਸਰੀ ਪੁਜੀਸ਼ਨ ਹਾਸਿਲ ਕੀਤੀ। ਪ੍ਰਿੰਸੀਪਲ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਸੁਨਹਿਰੀ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਵਿਭਾਗ ਦੇ ਮੁੱਖੀ ਸਹਾਇਕ ਪ੍ਰੋਫੈਸਰ ਅਜੈ ਕੁਮਾਰ ਨੇ ਕਿਹਾ ਕਿ ਵਿਭਾਗ ਭਵਿੱਖ ਵਿਚ ਵੀ ਸ਼ਾਨਦਾਰ ਨਤੀਜਿਆਂ ਲਈ ਪ੍ਰਤੀਬੱਧ ਹੈ।ਸਹਾਇਕ ਪ੍ਰੋਫੈਸਰ ਪਰਦੀਪ ਸਿੰਘ ਵਾਇਸ ਪ੍ਰਿੰਸੀਪਲ ਨੇ ਵਿਭਾਗ ਸਮੂਹ ਬੀ ਬੀ ਏ ਵਿਭਾਗ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਇਸ ਮੌਕੇ ਸਹਾਇਕ ਪ੍ਰੋਫ਼ੈਸਰ ਸਹਾਇਕ ਪ੍ਰੋਫ਼ੈਸਰ ਅਮਰੀਸ਼ ਖੁੱਲਰ, ਡਾ.ਕਮਲਜੀਤ ਕੌਰ ਬਾਂਗਾ , ਸਹਾਇਕ ਪ੍ਰੋਫ਼ੈਸਰ ਚੰਦਨ ਕੁਮਾਰ ਅਤੇ ਬੀ ਬੀ ਏ ਵਿਭਾਗ ਦਾ ਸਮੂਹ ਸਟਾਫ਼ ਹਾਜ਼ਰ ਸੀ।

# ਕਾਲਜ ਪੜ੍ਹਨ ਗਏ ਦੋ ਨੌਜਵਾਨ ਲਾਪਤਾ ਮਾਪੇ ਚਿੰਤਤ, ਪੁਲਿਸ ਜੁਟੀ ਜਾਂਚ ਵਿੱਚ

**ਮਾਛੀਵਾੜਾ ਸਾਹਿਬ, 21 ਅਗਸਤ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਮਾਛੀਵਾੜਾ ਸ਼ਹਿਰ ਦੇ 2 ਨੌਜਵਾਨ ਕਾਲਜ ਵਿਦਿਆਰਥੀ ਭੇਤਭਰੇ ਢੰਗ ਨਾਲ ਲਾਪਤਾ ਹੋ ਗਏ ਹਨ, ਜਿਸ ਕਾਰਨ ਉਨ੍ਹਾਂ ਦੇ ਮਾਪੇ ਬੇਹੱਦ ਚਿੰਤਤ ਦਿਖਾਈ ਦੇ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਮਾਛੀਵਾੜਾ ਵਾਸੀ ਵਰੁਣ ਚੌਧਰੀ ਤੇ ਉਤਕਰਸ਼ ਸ਼ਰਮਾ ਲੰਘੀ 19 ਅਗਸਤ ਨੂੰ ਸਵੇਰੇ ਕਾਲਜ ਵਿਖੇ ਪੜ੍ਹਨ ਲਈ ਗਏ।

ਵਰੁਣ ਚੌਧਰੀ ਆਪਣੀ ਕਾਰ 'ਤੇ ਸਵਾਰ ਹੋ ਕੇ ਗਿਆ, ਜਦੋਂ ਕਿ ਉਤਕਰਸ਼ ਸ਼ਰਮਾ ਉਸਦਾ ਦੋਸਤ ਸੀ, ਜੋ ਉਸ ਨਾਲ ਗਿਆ। ਘਰ ਤੋਂ ਕਾਲਜ ਪੜ੍ਹਨ ਗਏ ਤਾਂ ਕੁੱਝ ਸਮੇਂ ਬਾਅਦ ਉਨ੍ਹਾਂ ਦੇ ਮੋਬਾਇਲ ਫੋਨ ਬੰਦ ਹੋ ਗਏ। ਬਾਅਦ



ਦੁਪਹਿਰ ਤੱਕ ਉਹ ਵਾਪਸ ਨਾ ਪਰਤੇ ਅਤੇ ਨਾ ਹੀ ਉਨ੍ਹਾਂ ਦੇ ਮੋਬਾਇਲ ਫੋਨ ਮਿਲੇ ਤਾਂ ਮਾਪਿਆਂ ਨੂੰ ਉਨ੍ਹਾਂ ਦੀ ਚਿੰਤਾ ਸਤਾਉਣ ਲੱਗੀ। ਮਾਪਿਆਂ ਵਲੋਂ ਜਦੋਂ ਕਾਲਜ ਜਾ ਕੇ ਪਤਾ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਦੋਵੇਂ ਨੌਜਵਾਨ ਕਾਲਜ ਪੜ੍ਹਨ ਨਹੀਂ ਆਏ। ਫਿਰ ਉਨ੍ਹਾਂ ਵਲੋਂ ਹੋਰ ਥਾਵਾਂ 'ਤੇ ਵੀ ਨੌਜਵਾਨਾਂ ਦੀ ਬਹੁਤ ਤਲਾਸ਼ ਕੀਤੀ ਗਈ ਪਰ ਜਦੋਂ ਕੋਈ ਸੁਰਾਗ ਨਾ ਲੱਗਾ ਤਾਂ ਇਸ ਸਬੰਧੀ ਮਾਛੀਵਾੜਾ ਪੁਲਸ ਨੂੰ ਉਨ੍ਹਾਂ ਦੇ ਲਾਪਤਾ ਹੋਣ ਬਾਰੇ ਰਿਪੋਰਟ ਦਰਜ ਕਰਵਾਈ ਗਈ। ਥਾਣਾ ਮੁਖੀ ਚਰਨਜੀਤ ਸਿੰਘ ਵਲੋਂ ਦੋਵਾਂ ਨੌਜਵਾਨਾਂ ਦੀਆਂ ਮੋਬਾਇਲ ਲੋਕੇਸ਼ਨਾਂ ਅਤੇ ਡੀਟੇਲ ਮੰਗਵਾਈ ਜਾ ਰਹੀ ਹੈ ਤਾਂ ਜੋ ਕੋਈ ਸੁਰਾਗ ਪਤਾ ਲੱਗਾ। ਅੱਜ ਦੂਜੇ ਦਿਨ ਵੀ ਜਦੋਂ ਦੋਵੇਂ ਨੌਜਵਾਨਾਂ ਅਤੇ ਉਨ੍ਹਾਂ ਕੋਲ ਮੌਜੂਦ ਕਾਰ ਬਾਰੇ ਕੋਈ ਸੁਰਾਗ ਨਾ ਮਿਲਿਆ ਤਾਂ ਮਾਪਿਆਂ ਦੀ ਚਿੰਤਾ ਹੋਰ ਵਧ ਗਈ। ਉਨ੍ਹਾਂ ਪੁਲਸ ਤੋਂ ਮੰਗ ਕੀਤੀ ਕਿ ਇਨ੍ਹਾਂ ਦੋਵੇਂ ਨੌਜਵਾਨਾਂ ਦੀ ਜਲਦ ਤੋਂ ਜਲਦ ਤਲਾਸ਼ ਕੀਤੀ ਜਾਵੇ।

